# *ਇਬਰਾਨੀਆਂ, ਅਧਿਆਇ ਪੰਜ ਅਤੇ ਛੇ* [1]

…ਇਬਰਾਨੀਆਂ ਦੀ—ਦੀ ਕਿਤਾਬ ਦੇ। ਫਿਰ ਅਸੀਂ 7ਵੇਂ ਵਿੱਚ ਜਾਵਾਂਗੇ, ਮਲਕਿਸਿਦਕ ਦੀ ਜਾਜਕਾਈ ਵਿੱਚ। ਅਤੇ ਫਿਰ ਅਸੀਂ ਜਾਂਦੇ ਹਾਂ, ਮਲਕਿਸਿਦਕ ਦੀ ਜਾਜਕਾਈ ਤੋਂ, ਪ੍ਰਾਸਚਿਤ ਦੇ ਇੱਕ ਮਹਾਨ ਦਿਨ ਵਿੱਚ, ਅਤੇ ਵੱਖਰਾ ਕਰਨਾ, ਪ੍ਰਾਸਚਿਤ ਨੂੰ ਵੰਡਣਾ। ਫਿਰ ਵਿਸ਼ਵਾਸ ਦੇ ਉਸ ਅਧਿਆਇ ਵਿੱਚ, 11ਵਾਂ ਅਧਿਆਇ; ਅਤੇ 12ਵਾਂ ਅਧਿਆਇ, "ਹਰ ਭਾਰ ਨੂੰ ਪਰੇ ਸੁੱਟਣਾ।" ਅਤੇ 13ਵਾਂ ਅਧਿਆਇ, "ਉਹ ਸਦੀਪਕ ਘਰ ਮਨੁੱਖ ਦੇ ਹੱਥਾਂ ਦੁਆਰਾ ਨਹੀਂ ਬਣਾਇਆ ਗਿਆ; ਪਰ ਪਰਮੇਸ਼ੁਰ, ਇਕੱਲੇ ਦੁਆਰਾ, ਜਿਸ ਨੇ ਇਹ ਮਹਾਨ ਘਰ ਬਣਾਇਆ ਹੈ।" ਕਿੰਨਾ ਸ਼ਾਨਦਾਰ!

2 ਮੈਂ ਆਪਣੀ ਭੈਣ ਨੂੰ ਉੱਥੇ ਪਿਛਾਂਹ ਦੇਖ ਕੇ ਖੁਸ਼ ਹਾਂ, ਜੋ ਹੁਣੇ ਸਭਾ ਵਿੱਚ ਦਾਖਲ ਹੋਈ ਹੈ। ਮੈਂ ਉਸਨੂੰ ਅਤੇ ਉਸਦੇ ਪਤੀ ਨੂੰ ਵੇਖ ਰਿਹਾ ਹਾਂ। ਕੱਲ੍ਹ, ਅਸੀਂ ਆਪਣੇ ਸਫ਼ਰ ਵਿੱਚ ਸੀ, ਇੱਕ ਜਗ੍ਹਾ ਦੇ ਪਾਰ ਜਿਹੜੀ…ਮੈਂ ਸੋਚਿਆ ਕਿ ਮੈਂ ਹਰ ਛੋਟੀ ਜਿਹੀ ਦਰਾੜ ਅਤੇ ਕੋਨੇ ਨੂੰ ਜਾਣਦਾ ਹਾਂ, ਇੱਥੇ ਇੰਡੀਆਨਾ ਵਿੱਚ ਸ਼ਿਕਾਰ ਰੱਖਿਅਕ ਹੋਣ ਕਰਕੇ, ਅਤੇ ਕਈ ਸਾਲਾਂ ਲਈ ਗਸ਼ਤ ਕਰਨ ਕਰਕੇ। ਮੈਂ ਹਰ ਥਾਂ ਜਾਣਦਾ ਸੀ। ਪਰ ਮੈਂ ਕੱਲ੍ਹ ਗੁੰਮ ਹੋ ਸਕਦਾ ਸੀ, ਉੱਥੇ ਜਿੱਥੇ ਉਹ ਸਨ, ਘੇਰੇ ਦੇ ਸਿਖਰ ਤੇ, ਇੱਕ ਨਵੀਂ ਸੜਕ।

3 ਅਤੇ ਔਰਤ ਦੇ ਫੇਫੜਿਆਂ ਵਿੱਚ ਕੈਂਸਰ ਸੀ, ਅਤੇ ਪ੍ਰਭੂ ਨੇ ਯਕੀਨੀ ਤੌਰ ਤੇ ਔਰਤ ਨੂੰ ਚੰਗਾ ਕੀਤਾ। ਅਸੀਂ ਲਿਆ…ਔਹ, ਅਤੇ ਇਹ ਸਭ ਕਿਵੇਂ ਆਇਆ, ਅਸੀਂ ਉੱਥੇ ਬੈਠੇ ਹੋਏ ਸੀ। ਭਾਈ ਰੌਬਰਸਨ, ਉਹ ਸ਼ਾਇਦ ਅੰਦਰ ਹੈ, ਅੱਜ। ਮੈਂ ਉਸਦੀ ਪਤਨੀ, ਅਤੇ ਭਾਈ ਵੁੱਡ ਨੂੰ ਵੇਖ ਰਿਹਾ ਹਾਂ, ਜੋ ਅੰਦਰ ਹੈ। ਅਤੇ ਅਸੀਂ ਉੱਥੇ ਇੱਕ ਪੁਰਾਣੇ ਟਰੱਕ ਵਿੱਚ ਸੀ, ਭਾਈ ਰੌਬਰਸਨ ਅਤੇ ਮੈਂ, ਅਤੇ ਭਾਈ ਵੁੱਡ ਅੰਦਰ ਸਾਂ। ਅਤੇ ਅਸੀਂ ਇਹ ਟਰੱਕ ਲਿਆ, ਉੱਥੇ ਉੱਪਰ ਗਏ, ਪਹਾੜੀ ਦੀ ਚੋਟੀ ਤੇ। ਅਤੇ ਉੱਥੇ ਪ੍ਰਭੂ ਨੇ ਯਕੀਨੀ ਤੌਰ ਤੇ ਕੈਂਸਰ ਨੂੰ ਦਿਖਾਇਆ। ਅਤੇ ਫਿਰ ਅਸੀਂ ਉੱਥੇ ਖੜ੍ਹੇ ਹੋ ਗਏ ਅਤੇ ਇਸ ਨੂੰ ਔਰਤ ਨੂੰ ਛੱਡਦੇ ਹੋਏ ਦੇਖਿਆ। ਆਪਣੀਆਂ ਅੱਖਾਂ ਨਾਲ, ਅਸੀਂ ਖੜ੍ਹੇ ਰਹੇ ਅਤੇ ਇਸ ਨੂੰ ਔਰਤ ਨੂੰ ਛੱਡਦੇ ਹੋਏ ਦੇਖਿਆ। ਅਤੇ ਉਸਨੇ ਭਾਈ ਵੁੱਡ ਦੀ ਪਤਨੀ ਨੂੰ ਵਾਪਸ ਬੁਲਾਇਆ; ਅਤੇ ਮੈਨੂੰ ਦੱਸ ਰਹੀ ਸੀ, ਉਹ ਅਸਲੀ ਕਾਲਾ ਸਮਾਨ ਥੁੱਕ ਰਹੀ ਸੀ। ਅਤੇ ਅੱਜ

ਸਵੇਰੇ ਉਹ ਇੱਥੇ ਹੈ, ਕਲੀਸਿਯਾ ਵਿੱਚ ਪਿਛਾਂਹ ਬੈਠੀ ਹੋਈ ਹੈ, ਉਹ ਅਤੇ ਉਸਦਾ ਪਿਆਰਾ ਪਤੀ, ਪ੍ਰਭੂ ਵਿੱਚ ਇੱਕ ਸ਼ਾਨਦਾਰ ਸਮਾਂ ਬਿਤਾ ਰਹੇ ਹਨ। ਕੀ ਉਹ ਸ਼ਾਨਦਾਰ ਨਹੀਂ ਹੈ?

4 ਅਤੇ ਮੈਨੂੰ ਇਹ ਨਹੀਂ ਪਤਾ ਸੀ ਕਿ…ਇੱਥੇ, ਆਮ ਤੌਰ ਤੇ, ਆਲੇ-ਦੁਆਲੇ ਦੇ ਲੋਕਾਂ ਲਈ, ਇੱਥੇ ਬਹੁਤ ਘੱਟ ਦਰਸ਼ਨ ਹੁੰਦੇ ਹਨ। ਇਹ ਮੇਰਾ ਘਰ ਹੈ। ਅਤੇ, ਮੇਰਾ ਮਤਲਬ ਹੈ, ਕਲੀਸਿਯਾ ਵਿੱਚ।

5 ਐਤਵਾਰ, ਇੱਕ ਹਫ਼ਤਾ, ਅਸੀਂ…ਵ੍ਹੀਲ ਚੇਅਰ ਤੇ ਬੈਠੇ ਆਦਮੀ ਨੂੰ ਦੇਖਣ ਲਈ ਇੱਥੇ ਕਿੰਨੇ ਲੋਕ ਸਨ? ਅੰਨ੍ਹਾ, ਅਪਾਹਜ, ਅਸੰਤੁਲਿਤ, ਅਤੇ ਮਾਨਸਿਕ ਤੰਤੂ ਨਾਸ਼ ਹੋ ਗਏ ਸਨ, ਅਤੇ ਮੇਓਸ ਨੇ ਉਸ ਲਈ ਹਾਰ ਮੰਨ ਲਈ ਸੀ। ਅਤੇ—ਅਤੇ ਮੇਰੇ ਕਿਸੇ ਕੈਥੋਲਿਕ ਡਾਕਟਰ ਦੋਸਤ ਨੇ ਉਸਨੂੰ ਇੱਥੇ ਭੇਜਿਆ ਸੀ। ਅਤੇ ਸਭਾ ਵਿੱਚ ਆਉਣ ਤੋਂ ਪਹਿਲਾਂ, ਪ੍ਰਭੂ ਨੇ ਉਸ ਆਦਮੀ ਦਾ ਦਰਸ਼ਨ ਦਿੱਤਾ। ਇਹ ਤੁਸੀਂ ਸਾਰੇ ਜਾਣਦੇ ਹੋ। ਅਤੇ ਉੱਥੇ ਉਹ ਆਦਮੀ ਚੰਗਾ ਹੋ ਗਿਆ, **ਯਹੋਵਾਹ ਇੰਝ ਫ਼ਰਮਾਉਂਦਾ ਹੈ** ਦੁਆਰਾ। ਵੇਖਿਆ? ਅਤੇ ਫਿਰ ਉੱਠਿਆ, ਬਾਹਰ ਨਿਕਲਿਆ, ਆਪਣੀ ਵ੍ਹੀਲ ਚੇਅਰ ਲੈ ਗਿਆ, ਦੇਖ ਸਕਦਾ ਸੀ ਜਿਵੇਂ ਤੁਸੀਂ ਵੇਖ ਸਕਦੇ ਹੋ ਜਾਂ ਮੈਂ ਵੇਖ ਸਕਦਾ ਹਾਂ। ਅਤੇ ਆਪਣੀ ਕੁਰਸੀ ਨੂੰ ਧੱਕਦਾ ਹੋਇਆ ਇਮਾਰਤ ਤੋਂ ਬਾਹਰ ਚਲਾ ਗਿਆ, ਅਰਾਮ ਨਾਲ। ਅਤੇ ਸੰਤੁਲਨ ਨਸ…ਤੁਸੀਂ ਜਾਣਦੇ ਹੋ, ਤੁਸੀਂ ਆਪਣੇ ਆਪ ਨੂੰ ਸੰਭਾਲ ਨਹੀਂ ਸਕਦੇ, ਦੇਖੋ, ਤੁਸੀਂ ਨਹੀਂ ਕਰ ਸਕਦੇ। ਅਤੇ ਸਾਲਾਂ ਤੋਂ ਬੈਠਾ ਸੀ।

6 ਅਤੇ ਕੱਲ੍ਹ ਜਦੋਂ ਮੈਂ ਉੱਥੇ ਪਹੁੰਚਿਆ, ਤਾਂ ਉਹ ਔਰਤ ਮੇਰੇ ਅੰਦਰ ਆਉਣ ਦਾ ਸੁਪਨਾ ਦੇਖ ਰਹੀ ਸੀ, ਬਸ ਦੋ ਵਜੇ, ਅਤੇ ਉਸਨੂੰ "ਕੈਂਸਰ ਨਾਲ" ਝਿੜਕਿਆ ਅਤੇ ਫਿਰ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**, 'ਉਹ ਠੀਕ ਹੋ ਗਈ ਸੀ।'" ਅਤੇ—ਅਤੇ ਉਹ ਜਾਗ ਗਈ, ਅਤੇ ਇਹ ਠੀਕ ਦੋ ਵਜੇ ਸੀ। ਅਤੇ ਪ੍ਰਭੂ ਦਾ ਆਤਮਾ ਹੇਠਾਂ ਆਇਆ, ਅਤੇ ਉੱਥੇ ਉਹ—ਉਹ ਸੁਪਨਾ ਜੋ ਉਸਨੇ ਦੇਖਿਆ ਸੀ, ਅਤੇ ਪ੍ਰਭੂ ਨੇ ਇਸਦਾ ਅਰਥ ਦੱਸਿਆ। ਅਤੇ ਉਹ ਉਸੇ ਥਾਂ ਤੇ ਹੀ ਠੀਕ ਹੋ ਗਈ ਸੀ, ਉੱਥੇ ਹੀ ਜਿੱਥੇ ਅਸੀਂ ਦੇਖ ਰਹੇ ਸੀ। ਕਿੰਨਾ ਸ਼ਾਨਦਾਰ!

7 ਉਸਦਾ ਨਾਮ ਯਾਦ ਨਹੀਂ ਆ ਰਿਹਾ। ਇਹ ਕੀ ਹੈ? ਤੁਹਾਡਾ ਨਾਮ ਕੀ ਹੈ, ਭੈਣ? ਵਾਲਟਨ, ਭੈਣ ਵਾਲਟਨ, ਉੱਥੇ ਪਿਛਾਂਹ ਬੈਠੀ ਹੋਈ ਹੈ। ਕੀ ਤੁਸੀਂ ਉੱਥੇ ਖੜ੍ਹੇ ਹੋਵੋਗੇ, ਭੈਣ ਵਾਲਟਨ? ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ। [ਭੈਣ ਵਾਲਟਨ ਕਹਿੰਦੀ ਹੈ, "ਇਹ ਬਸ ਸ਼ਾਨਦਾਰ ਹੈ।"—ਸੰਪਾ.] ਆਮੀਨ। ਇਹ ਚੰਗਾ, ਵਧੀਆ ਅਤੇ ਛੈਲ ਹੈ। ਉਹ ਬਹੁਤ ਚੰਗਾ ਹੈ, ਸਾਨੂੰ ਉਸ ਤਰੀਕੇ ਨਾਲ ਅਸੀਸ ਦੇਣ ਲਈ। ਇਸ ਲਈ ਅਸੀਂ

ਪਰਮੇਸ਼ੁਰ ਦੇ ਮਹਾਨ ਮਾਪ ਦੀ ਬਹੁਤ ਜ਼ਿਆਦਾ, ਭਰਪੂਰਤਾ ਦੀ ਉਮੀਦ ਕਰ ਰਹੇ ਹਾਂ।

8 ਇੱਕ ਡਾਕਟਰ ਨੇ ਉਸ ਤੋਂ ਇਹ ਗੱਲ ਲੁਕਾ ਰੱਖੀ ਹੋਈ ਸੀ। ਉਸ ਨੇ ਉਸ ਨੂੰ ਕਿਹਾ "ਉਹ ਸਿਰਫ਼ ਇੱਕ ਪਾਸੇ ਤੋਂ ਸਾਹ ਲੈ ਰਹੀ ਸੀ।" ਇਹ ਕੀ ਸੀ, ਕੈਂਸਰ ਵਧ ਗਿਆ ਸੀ ਅਤੇ ਫੇਫੜੇ ਦੇ ਉਸ ਪਾਸੇ ਦੇ ਸਾਹ ਨੂੰ ਕੱਟ ਦਿੱਤਾ ਸੀ, ਤੁਸੀਂ ਸਮਝੇ। ਤੁਸੀਂ ਐਕਸ-ਰੇ ਰਾਹੀਂ ਕੈਂਸਰ ਨਹੀਂ ਦੇਖ ਸਕਦੇ, ਕਿਉਂਕਿ ਕੈਂਸਰ ਆਪ ਹੀ, ਇੱਕ ਸੈੱਲ ਹੈ, ਅਤੇ ਇਹ—ਇਹ ਜੀਵਨ ਹੈ। ਅਤੇ ਤੁਸੀਂ—ਤੁਸੀਂ—ਤੁਸੀਂ ਬਸ—ਤੁਸੀਂ—ਤੁਸੀਂ ਐਕਸ-ਰੇ ਦੇ ਨਾਲ, ਕੈਂਸਰ ਦੇ ਆਰ ਪਾਰ ਦੇਖ ਸਕਦੇ ਹੋ। ਤੁਸੀਂ ਇਸਨੂੰ ਨਹੀਂ ਦੇਖ ਸਕੋਗੇ।

9 ਅਤੇ, ਪਰ ਪ੍ਰਭੂ ਨੇ ਅਸਲ ਵਿੱਚ...ਅਸੀਂ ਉੱਥੇ ਖੜ੍ਹੇ ਹੋ ਕੇ ਇਸ ਨੂੰ, ਖੁਦ, ਆਪਣੀਆਂ ਅੱਖਾਂ ਨਾਲ ਦੇਖਿਆ। ਇਸਨੂੰ ਚਲਦੇ ਹੋਏ ਵੇਖਿਆ, ਅਤੇ ਇਸਨੂੰ ਜਾਂਦੇ ਹੋਏ ਵੇਖਿਆ, ਆਪਣੀਆਂ ਅੱਖਾਂ ਨਾਲ। ਇਸ ਲਈ, ਅਸੀਂ ਇਸਦੇ ਲਈ ਬਹੁਤ ਸ਼ੁਕਰਗੁਜ਼ਾਰ ਹਾਂ।

10 ਅਤੇ ਹੁਣ, ਇਸ ਹਫ਼ਤੇ, ਸਾਡੇ ਲਈ ਪ੍ਰਾਰਥਨਾ ਕਰੋ, ਜਦੋਂ ਅਸੀਂ ਚਲੇ ਗਏ ਹੋਵਾਂਗੇ। ਅਤੇ ਭਾਈ ਨੇਵਿਲ ਸ਼ਾਇਦ ਉੱਥੋਂ ਸ਼ੁਰੂ ਕਰੇਗਾ ਜਿੱਥੇ ਮੈਂ ਛੱਡਿਆ ਸੀ, ਬੁੱਧਵਾਰ ਰਾਤ ਦੀ ਸਭਾ ਲਈ। ਇਸਨੂੰ ਹੁਣ ਨਾ ਗੁਆਓ, ਪਰਕਾਸ਼ ਦੀ ਪੋਥੀ ਦੀ ਇਸ ਮਹਾਨ ਲੜੀ ਵਿੱਚ।

11 ਮੈਨੂੰ ਪਤਾ ਹੈ ਕਿ ਬਹੁਤ ਪ੍ਰਾਰਥਨਾ ਕੀਤੀ ਗਈ ਹੈ, ਅਤੇ ਅਸੀਂ—ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਪ੍ਰਾਰਥਨਾ ਸੁਣਦਾ ਹੈ। ਪਰ ਅਸੀਂ, ਅੱਜ ਸਵੇਰੇ, ਅਸੀਂ ਕਿਤਾਬ ਪੜ੍ਹਨ ਤੋਂ ਪਹਿਲਾਂ ਥੋੜ੍ਹੀ ਜਿਹੀ ਪ੍ਰਾਰਥਨਾ ਕਰਨੀ ਚਾਹੁੰਦੇ ਹਾਂ। ਹੁਣ, ਕੋਈ ਵੀ ਵਿਅਕਤੀ ਜੋ ਯੋਗ ਹੈ, ਕਿਤਾਬ ਨੂੰ *ਇਸ* ਤਰੀਕੇ ਨਾਲ ਪੜ੍ਹ ਸਕਦਾ ਹੈ, ਜਾਂ ਇਸਨੂੰ *ਇਸ* ਤਰੀਕੇ ਨਾਲ ਖੋਲ੍ਹ ਸਕਦਾ ਹੈ। ਪਰ ਸਮਝ ਨੂੰ ਖੋਲ੍ਹਣ ਲਈ, ਇਕੱਲੇ, ਪਰਮੇਸ਼ੁਰ ਦੀ ਲੋੜ ਹੈ, ਕਿਉਂਕਿ ਉਹ ਹੀ ਅਜਿਹਾ ਕਰ ਸਕਦਾ ਹੈ।

ਇਸ ਲਈ ਆਓ ਇੱਕ ਪਲ ਲਈ ਆਪਣਾ ਸਿਰ ਝੁਕਾਈਏ।

12 ਹੁਣ, ਪਿਤਾ, ਤੁਹਾਡੇ ਪਿਆਰੇ ਪੁੱਤਰ, ਪ੍ਰਭੂ ਯਿਸੂ ਦੇ ਨਾਮ ਵਿੱਚ, ਅਸੀਂ ਹੁਣ ਬਹੁਤ ਨਿਮਰਤਾ ਨਾਲ ਆਪਣੇ ਆਪ ਨੂੰ ਸੌਂਪਣ ਲਈ ਆਏ ਹਾਂ, ਤੁਹਾਡੇ ਸੇਵਕਾਂ ਦੇ ਰੂਪ ਵਿੱਚ, ਕਿ ਤੁਸੀਂ ਸਾਡੇ ਰਾਹੀਂ ਗੱਲ ਕਰੋਗੇ। ਬੋਲਣ ਵਾਲੇ ਬੁੱਲ੍ਹਾਂ ਦੀ ਅਤੇ ਸੁਣਨ ਵਾਲੇ ਕੰਨਾਂ ਦੀ ਸੁੰਨਤ ਕਰੋ, ਤਾਂ ਜੋ ਬਚਨ ਪਰਮੇਸ਼ੁਰ ਦੁਆਰਾ ਬੋਲਿਆ ਜਾ ਸਕੇ ਅਤੇ ਆਤਮਾ ਦੁਆਰਾ ਸੁਣਿਆ ਜਾ ਸਕੇ, ਜੋ ਲੋਕਾਂ ਵਿੱਚ ਹੈ। ਇਹ ਬਖਸ ਦਿਓ, ਪਿਤਾ। ਉਹ ਪਰਮੇਸ਼ੁਰ ਦੇ ਬਚਨ ਨੂੰ ਲਵੇ ਅਤੇ ਸਾਡੇ

ਲਈ ਸੇਵਾ ਕਰੇ ਜਿਵੇਂ ਸਾਨੂੰ ਇਸਦੀ ਲੋੜ ਹੈ, ਕਿਉਂਕਿ ਅਸੀਂ ਇਸਨੂੰ ਉਸਦੇ ਨਾਮ ਅਤੇ ਉਸਦੀ ਮਹਿਮਾ ਲਈ ਮੰਗਦੇ ਹਾਂ। ਆਮੀਨ।

13 ਹੁਣ, ਅੱਜ ਸਵੇਰੇ ਪੜ੍ਹ ਰਹੇ ਹਾਂ, ਅਸੀਂ ਪੜ੍ਹ ਰਹੇ ਹਾਂ। ਅਸੀਂ ਪ੍ਰਚਾਰ ਨਹੀਂ—ਨਹੀਂ ਕਰ ਰਹੇ; ਬਸ ਇਬਰਾਨੀਆਂ ਦੀ ਇਸ ਕਿਤਾਬ ਦਾ ਅਧਿਐਨ ਕਰ ਰਹੇ ਹਾਂ। ਕਿੰਨੇ ਲੋਕ ਇਸਦਾ ਆਨੰਦ ਲੈ ਰਹੇ ਹਨ? ਓਹ, ਅਸੀਂ ਇੱਕ ਸ਼ਾਨਦਾਰ ਸਮਾਂ ਵਤੀਤ ਕਰ ਰਹੇ ਹਾਂ! ਅਤੇ ਹੁਣ ਬਸ ਧਿਆਨ ਨਾਲ ਅਧਿਐਨ ਕਰ ਰਹੇ ਹਾਂ, ਵਚਨ ਉੱਤੇ ਵਚਨ। ਇਸ ਨੂੰ ਚਾਹੀਦਾ ਹੈ…ਪੂਰੀ, ਪੂਰੀ ਬਾਈਬਲ ਇੱਕਸਾਰਤਾ ਵਿੱਚ ਹੈ। ਇੱਕ ਵੀ ਸ਼ਬਦ ਨਹੀਂ ਹੈ ਜੋ ਆਪਣੇ ਸਥਾਨ ਤੋਂ ਬਾਹਰ ਹੋਵੇ, ਜੇਕਰ ਇਹ ਪਵਿੱਤਰ ਆਤਮਾ ਦੁਆਰਾ ਇਕੱਠੇ ਬਿਠਾਏ ਜਾਂਦੇ ਹਨ।

14 ਹੁਣ, ਆਦਮੀ ਨੇ ਕਿਹਾ ਹੈ, "ਬਾਈਬਲ ਆਪਣੇ ਆਪ ਦਾ ਖੰਡਨ ਕਰਦੀ ਹੈ।" ਮੈਂ ਇਸਨੂੰ ਦੇਖਣਾ ਚਾਹੁੰਦਾ ਹਾਂ। ਮੈਂ ਮੰਗ ਕੀਤੀ ਹੈ, ਪੱਚੀ ਸਾਲਾਂ ਤੋਂ, ਇਸ ਵਾਸਤੇ, ਅਤੇ ਅਜੇ ਤੱਕ ਕਿਸੇ ਨੇ ਇਹ ਨਹੀਂ ਦਿਖਾਇਆ। ਬਾਈਬਲ ਆਪਣਾ ਖੰਡਨ ਨਹੀਂ ਕਰਦੀ। ਜੇ ਇਹ ਹੈ, ਤਾਂ ਇਹ ਬਾਈਬਲ ਨਹੀਂ ਹੈ। ਮਹਾਨ, ਅਨੰਤ ਯਹੋਵਾਹ ਆਪਣੇ ਆਪ ਦਾ ਖੰਡਨ ਨਹੀਂ ਕਰ ਸਕਦਾ, ਇਸ ਲਈ ਬਾਈਬਲ ਵਿਚ ਕੋਈ ਵਿਰੋਧਾਭਾਸ ਨਹੀਂ ਹੈ। ਇਹ ਸਿਰਫ ਲੋਕਾਂ ਦੀਆਂ ਗਲਤਫਹਿਮੀਆਂ ਹਨ।

15 ਹੁਣ ਥੋੜ੍ਹੇ ਜਿਹੇ ਪਿਛੋਕੜ ਲਈ, ਜਦੋਂ ਤੱਕ ਅਸੀਂ ਵਾਪਸ ਨਹੀਂ ਜਾਂਦੇ ਹਾਂ। ਹੁਣ, ਇਬਰਾਨੀਆਂ ਦੀ ਕਿਤਾਬ ਸੰਤ ਪੌਲੁਸ ਦੁਆਰਾ, ਇਬਰਾਨੀਆਂ ਨੂੰ ਲਿਖੀ ਗਈ ਸੀ। ਉਸਨੇ ਇੱਕ ਅਫ਼ਸੀਆਂ ਨੂੰ ਇੱਕ ਲਿਖੀ ਸੀ, ਜੋ ਕਿ ਅਫ਼ਸੁਸ ਦੇ ਲੋਕਾਂ ਲਈ ਸੀ, ਮਸੀਹੀ ਕਲੀਸਿਯਾ ਦੇ ਲੋਕ ਸਨ; ਇੱਕ ਰੋਮ ਦੇ ਰੋਮੀਆਂ ਨੂੰ; ਅਤੇ ਇੱਕ ਗਲਾਤੀਆਂ ਨੂੰ; ਅਤੇ ਇੱਕ ਇਬਰਾਨੀਆਂ ਨੂੰ।

16 ਹੁਣ, ਅਸੀਂ ਦੇਖਿਆ ਹੈ ਕਿ ਪੌਲੁਸ, ਸ਼ੁਰੂਆਤ ਤੋਂ ਹੀ, ਇੱਕ ਬਾਈਬਲ ਦਾ ਉਸਤਾਦ ਹੋਣ ਦੇ ਕਰਕੇ। ਇਹ ਉਹ ਹੈ ਜੋ ਅਸੀਂ ਸਿੱਖਿਆ ਹੈ। ਕਿ ਉਹ ਮਹਾਨ ਗੁਰੂ ਦੇ ਅਧੀਨ ਬਹਿੰਦਾ ਸੀ, ਉਸਦੇ ਦਿਨਾਂ ਦੇ ਸਭ ਤੋਂ ਮਹਾਨ, ਗਮਲੀਏਲ। ਅਤੇ ਉਹ ਪੁਰਾਣੇ ਨੇਮ ਦਾ ਚੰਗੀ ਤਰ੍ਹਾਂ ਜਾਣੂ ਸੀ। ਉਹ ਇਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਪਰ ਉਸ ਰਾਹ ਦਾ ਸਤਾਉਣ ਵਾਲਾ ਬਣ ਗਿਆ ਜੋ ਮਸੀਹ ਦਾ ਰਾਹ ਸੀ, ਕਿਉਂਕਿ ਉਸਨੂੰ ਪੁਰਾਣੇ ਨੇਮ ਵਿੱਚ ਉਸਤਾਦਾਂ ਦੇ ਅਧੀਨ ਸਿਖਾਇਆ ਗਿਆ ਸੀ। ਪਰ ਉਸਤਾਦ, ਆਮ ਤੌਰ ਤੇ ਸਰੀਰਕ… ਮੈਨੂੰ ਉਮੀਦ ਹੈ ਕਿ ਮੈਂ ਕੁਝ ਗਲਤ ਨਹੀਂ ਕਹਾਂਗਾ।

17 ਪਰ, ਆਮ ਤੌਰ ਤੇ, ਜੇਕਰ ਕਿਸੇ ਵਿਅਕਤੀ ਕੋਲ ਸਿਰਫ਼ ਸਿੱਖਿਆ ਅਤੇ ਸਕੂਲਾਂ ਦਾ ਤਰੀਕਾ ਹੈ, ਤਾਂ ਇਹ ਆਮ ਤੌਰ ਤੇ ਮਨੁੱਖ ਦੁਆਰਾ ਬਣਾਇਆ

ਗਿਆ ਹੈ। ਦੇਖੋ, ਇਹ ਪ੍ਰੇਰਿਤ ਨਹੀਂ ਹੈ, ਕਿਉਂਕਿ ਇਹ ਇੱਕ ਸਕੂਲ ਦਾ ਸਿਧਾਂਤ ਬਣ ਜਾਂਦਾ ਹੈ। ਸਾਡੇ ਕੋਲ ਇਹ ਅੱਜ ਹੈ। ਪ੍ਰੈਸਬੀਟੇਰੀਅਨ, ਲੂਥਰਨ, ਪੈਂਟੇਕੋਸਟਲ, ਇਹਨਾਂ ਸਾਰੇ ਸਕੂਲਾਂ ਦਾ ਆਪਣਾ ਸਿਧਾਂਤ ਹੈ, ਅਤੇ ਉਹ ਬਸ ਵਚਨ ਨੂੰ ਇਸ ਵਿੱਚ ਤੁੰਨ ਦਿੰਦੇ ਹਨ।

18 ਅਤੇ ਪੁਰਾਣੇ ਨੇਮ ਵਿੱਚ ਵੀ ਇਹੀ ਸੀ। ਪਰ, ਪੌਲੁਸ, ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਸੀ, ਅਤੇ ਲਿਖਤਾਂ ਨੂੰ ਵਚਨ ਦੁਆਰਾ ਜਾਣਦਾ ਸੀ। ਪਰ, ਤੁਸੀਂ ਦੇਖੋ, ਲਿਖਤਾਂ, ਭਾਵੇਂ ਤੁਸੀਂ ਉਹਨਾਂ ਨੂੰ ਕਿੰਨੀ ਵੀ ਚੰਗੀ ਤਰ੍ਹਾਂ ਜਾਣਦੇ ਹੋਵੋ, ਜੇ ਆਤਮਾ ਉਨ੍ਹਾਂ ਨੂੰ ਜਿਉਂਦਾ ਨਹੀਂ ਕਰਦਾ, ਤਾਂ ਸ਼ਬਦ ਮਾਰ ਦਿੰਦਾ ਹੈ। ਆਤਮਾ ਜੀਵਨ ਦਿੰਦਾ ਹੈ। ਵੇਖੋ, ਇਸ ਨੂੰ ਉਤੇਜਨਾ ਮਿਲਨੀ ਚਾਹੀਦੀ ਹੈ, ਜਾਂ ਜਿਉਂਦਾ ਕੀਤਾ ਜਾਣਾ ਚਾਹੀਦਾ ਹੈ, ਆਤਮਾ ਦੁਆਰਾ। ਜੇਕਰ ਆਤਮਾ ਸ਼ਬਦ ਨੂੰ ਜੀਵਿਤ ਨਹੀਂ ਕਰਦੀ ਹੈ ਅਤੇ ਇਸਨੂੰ ਤੁਹਾਡੇ ਲਈ ਇੱਕ ਅਸਲੀਅਤ ਨਹੀਂ ਬਣਾਉਂਦੀ ਹੈ, ਤਾਂ ਇਹ ਸ਼ਬਦ ਕੇਵਲ ਬੌਧਿਕ ਹੈ। ਇਹ ਉਹ ਥਾਂ ਹੈ ਜਿੱਥੇ ਅੱਜ ਸਾਡੇ ਕੋਲ ਬਹੁਤ ਸਾਰੇ ਦਾਆਵਾ ਕਰਨ ਵਾਲੇ ਮਸੀਹੀ ਹਨ, ਜਾਂ ਦਾਅਵਾ ਕਰਨ ਵਾਲੇ ਮਸੀਹੀ, ਮਸੀਹ ਦੀ ਉਹ ਬੌਧਿਕ ਧਾਰਨਾ ਹੈ।

19 ਫਿਰ ਅਸੀਂ ਚੱਲ ਪਏ, "ਅੱਛਾ, ਉਸਨੂੰ ਕੁਝ ਮਹਿਸੂਸ ਕਰਨਾ ਚਾਹੀਦਾ ਸੀ; ਅਤੇ ਤੁਹਾਨੂੰ ਕੁਝ ਕਰਨਾ ਚਾਹੀਦਾ ਸੀ।" ਅਤੇ, ਔਹ, ਅਸੀਂ ਇਸ ਸਭ ਦੇ ਵਿੱਚ ਜਾਵਾਂਗੇ, ਕੁਝ ਸਮੇਂ ਬਾਅਦ। ਉਨ੍ਹਾਂ ਨੂੰ ਰੌਲਾ ਪਾਉਣਾ ਪੈਂਦਾ ਸੀ। ਮੈਥੋਡਿਸਟਾਂ ਨੂੰ ਚੀਕਣਾ ਪੈਂਦਾ ਸੀ, ਇਸ ਤੋਂ ਪਹਿਲਾਂ ਕਿ ਉਨ੍ਹਾਂ ਕੋਲ ਇਹ ਹੋਵੇ। ਪੇਂਟੇਕੋਸਟਲਾਂ ਨੂੰ ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ ਪੈਂਦਾ ਸੀ, ਇਸ ਤੋਂ ਪਹਿਲਾਂ ਕਿ ਉਨ੍ਹਾਂ ਕੋਲ ਇਹ ਹੋਵੇ। ਅਤੇ, ਔਹ, ਉਹਨਾਂ ਵਿੱਚੋਂ ਕੁਝ, ਹਿੱਲਣ ਵਾਲਿਆਂ ਨੂੰ, ਹਿੱਲਣਾ ਪੈਂਦਾ ਸੀ। ਹਾਂ। ਪੁਰਾਣੇ…ਉਹ ਉੱਪਰ-ਅਤੇ-ਹੇਠਾਂ ਤੁਰਦੇ, ਇੱਕ ਪਾਸੇ ਮਰਦ, ਦੂਜੇ ਪਾਸੇ ਔਰਤਾਂ। ਸਮਝੇ? ਹਿੱਲਣ ਵਾਲੇ। ਤਦ ਪਵਿੱਤਰ ਆਤਮਾ ਉਨ੍ਹਾਂ ਉੱਤੇ ਆਉਂਦਾ ਅਤੇ ਉਨ੍ਹਾਂ ਨੂੰ ਹਿਲਾਉਂਦਾ। "ਉਨ੍ਹਾਂ ਕੋਲ ਇਹ ਸੀ।" ਪਰ ਇਹ ਸਭ ਬਸ ਸ਼ਾਨਦਾਰ ਹੈ। ਇਸ ਵਿੱਚ ਕੋਈ ਵੀ ਸੱਚਾਈ ਨਹੀਂ ਹੈ।

20 ਪਰਮੇਸ਼ੁਰ ਆਪਣੇ ਬਚਨ ਵਿੱਚ ਰਹਿੰਦਾ ਹੈ। "ਵਿਸ਼ਵਾਸ ਸੁਣਨ ਦੁਆਰਾ, ਬਚਨ ਸੁਣਨ ਦੁਆਰਾ ਆਉਂਦਾ ਹੈ।" "ਨਿਹਚਾ ਦੁਆਰਾ ਤੁਹਾਨੂੰ ਬਚਾਇਆ ਗਿਆ ਹੈ, ਕਿਰਪਾ ਦੁਆਰਾ।" ਕਿਸੇ ਵੀ ਚੀਜ਼ ਨਾਲ ਨਹੀਂ, ਭਾਵੇਂ ਤੁਸੀਂ ਹਿੱਲਦੇ ਹੋ, ਜਾਂ ਪਰਾਈਆਂ ਭਾਸ਼ਾਵਾਂ ਬੋਲਦੇ ਹੋ, ਜਾਂ ਜੋ ਕੁਝ ਵੀ ਵਾਪਰਦਾ ਹੈ। ਇਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਬਿਲਕੁਲ ਵੀ ਨਹੀਂ। ਯਿਸੂ ਨੇ ਕਿਹਾ, "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ

ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ। ਉਹ ਜੋ ਮੇਰਾ ਬਚਨ ਸੁਣਦਾ ਹੈ ਅਤੇ ਵਿਸ਼ਵਾਸ ਕਰਦਾ ਹੈ," ਉਸ ਦੇ ਲਈ ਜਿਉਂਦਾ ਬਣਾਇਆ ਗਿਆ ਹੈ, "ਉਸ ਕੋਲ ਸਦੀਪਕ ਜੀਵਨ ਹੈ।" ਉੱਥੇ ਇਹ ਹੈ। ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਹੜੀ ਛੋਟੀ ਜਿਹੀ ਚੀਜ਼ ਕਰਦੇ ਹੋ।

21 ਹੁਣ, ਮੈਂ ਹਿੱਲਣ, ਜਾਂ ਪਰਾਈਆਂ ਭਾਸ਼ਾਵਾਂ ਬੋਲਣ, ਜਾਂ ਹਿੱਲਣ ਦੇ ਵਿਰੁੱਧ ਨਹੀਂ ਹਾਂ, ਔਹ, ਉਹ—ਉਹ ਚਿਲਾਉਣਾ। ਸਭ ਠੀਕ ਹੈ। ਇਹ ਚੰਗਾ ਹੈ। ਪਰ ਇਹ ਸਿਰਫ ਗੁਣ ਹਨ। ਸਮਝੇ? ਮੈਂ ਤੁਹਾਨੂੰ ਰੁੱਖ ਤੋਂ ਇੱਕ ਸੇਬ ਦੇ ਸਕਦਾ ਹਾਂ, ਅਤੇ ਤੁਹਾਡੇ ਕੋਲ ਅਜੇ ਵੀ ਰੁੱਖ ਨਹੀਂ ਹੋਵੇਗਾ। ਸਮਝੇ? ਤੁਸੀਂ...ਇਹ ਗੁਣ ਹਨ।

22 ਝੂਠ ਬੋਲਣਾ, ਚੋਰੀ ਕਰਨਾ, ਸ਼ਰਾਬ ਪੀਣਾ, ਸਿਗਰਟ ਪੀਣਾ, ਜੂਆ ਖੇਡਣਾ, ਵਿਭਚਾਰ ਕਰਨਾ, ਇਹ ਪਾਪ ਨਹੀਂ ਹੈ, ਇਹ ਅਵਿਸ਼ਵਾਸ ਦੇ ਗੁਣ ਹਨ। ਸਮਝੇ? ਇਹ ਉਹ ਹੈ ਜੋ ਤੁਸੀਂ—ਤੁਸੀਂ...ਤੁਸੀਂ ਅਜਿਹਾ ਇਸ ਲਈ ਕਰਦੇ ਹੋ ਕਿਉਂਕਿ ਤੁਸੀਂ ਇੱਕ ਪਾਪੀ ਹੋ। ਸਮਝੇ? ਪਰ ਪਹਿਲਾਂ ਤੁਸੀਂ ਇੱਕ ਪਾਪੀ ਹੋ। ਇਹੀ ਹੈ ਜੋ ਤੁਹਾਨੂੰ ਅਜਿਹਾ ਕਰਨ ਲਈ ਮਜਬੂਰ ਕਰਦਾ ਹੈ, ਕਿਉਂਕਿ ਤੁਸੀਂ ਵਿਸ਼ਵਾਸ ਨਹੀਂ ਕਰਦੇ। ਅਤੇ ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ, ਤਾਂ ਤੁਸੀਂ ਅਜਿਹਾ ਨਹੀਂ ਕਰਦੇ। ਫਿਰ ਤੁਹਾਡੇ ਕੋਲ ਪਿਆਰ, ਅਨੰਦ, ਸ਼ਾਂਤੀ, ਸਬਰ, ਨੇਕੀ, ਨਰਮਾਈ, ਹਲੀਮੀ, ਧੀਰਜ ਹੈ। ਇਹ ਪਵਿੱਤਰ ਆਤਮਾ ਦਾ ਫਲ ਹੈ। ਸਮਝੇ?

23 ਇਸ ਲਈ ਸਾਡੇ ਕੋਲ ਛੋਟੀਆਂ ਚੀਜ਼ਾਂ ਹਨ, ਛੋਟੀਆਂ ਸੰਵੇਦਨਾਵਾਂ, ਇਸ ਲਈ ਕਿ ਉਹ ਆਦਮੀ ਵਚਨ ਦੇ ਪੁਰਾਣੇ, ਘੱਸੇ ਹੋਏ ਮਾਰਗ ਤੋਂ ਦੂਰ ਹੋ ਗਿਆ ਹੈ। ਇਹ ਵਚਨ ਹੈ। "ਵਿਸ਼ਵਾਸ ਸੁਣਨ ਦੁਆਰਾ ਆਉਂਦਾ ਹੈ।"

24 ਇਸ ਲਈ ਜਦੋਂ ਪੌਲੁਸ...ਪਰਮੇਸ਼ੁਰ ਨੇ ਪੌਲੁਸ ਨੂੰ ਚੁਣਿਆ। ਮਨੁੱਖ ਨੇ ਮੱਥਿਯਾਸ ਨੂੰ ਚੁਣਿਆ। ਜਦੋਂ ਉਹ...ਉਨ੍ਹਾਂ ਨੇ ਪਰਚੀਆਂ ਪਾਈਆਂ, ਪਰ ਉਸਨੇ ਕਦੇ ਕੁਝ ਨਹੀਂ ਕੀਤਾ। ਇਹ ਦਰਸਾਉਂਦਾ ਹੈ ਕਿ ਕਲੀਸਿਯਾ ਕੋਲ ਉਸ ਵੇਲੇ ਕਿੰਨਾ ਇਖਤਿਆਰ ਸੀ, ਚੋਣ ਕਰਨ ਲਈ, ਆਪਣੇ ਡੀਕਨ ਚੁਣਨ ਲਈ, ਅਤੇ ਆਪਣੇ ਪ੍ਰਚਾਰਕਾਂ ਨੂੰ ਵੱਖ-ਵੱਖ ਥਾਵਾਂ ਤੇ ਭੇਜਣ ਲਈ। ਇਹ ਸਰੀਰਕ ਹੈ, ਕਈ ਵਾਰ।

25 ਇੱਕ ਆਦਮੀ ਨੂੰ ਉੱਥੇ ਜਾਣ ਦਿਓ ਜਿੱਥੇ ਪਰਮੇਸ਼ੁਰ ਉਸਨੂੰ ਜਾਣ ਲਈ ਅਗਵਾਈ ਕਰਦਾ ਹੈ। ਮੈਨੂੰ ਇਹ ਪਸੰਦ ਹੈ। ਜੇ ਇੱਕ ਸੰਮੇਲਨ ਵਿੱਚ ਲੋਕ ਬਸ ਇਹ ਆਖਣ, "ਅੱਛਾ, ਇੱਥੇ ਇੱਕ ਵਧੀਆ ਕਲੀਸਿਯਾ ਹੈ। ਇਸ ਭਾਈ ਨੇ ਇੱਕ ਵਧੀਆ ਕਲੀਸਿਯਾ ਬਣਾਈ ਹੈ। ਅਤੇ ਸਾਡੇ ਕੋਲ ਇੱਕ ਛੋਟਾ ਜਿਹਾ

ਪਾਲਤੂ ਜਾਨਵਰ ਹੈ।" ਉਹ ਉਸਨੂੰ ਇਸ ਕਲੀਸਿਯਾ ਵਿੱਚ ਭੇਜ ਦੇਣਗੇ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਆਪਣੇ ਆਪ ਨੂੰ ਮਾਰ ਰਹੇ ਹਨ। ਸਮਝੇ? ਪਹਿਲੀ ਥਾਂ, ਜੇ ਉਹ ਆਦਮੀ ਉਥੇ ਜਾਂਦਾ ਹੈ, ਤਾਂ ਉਹ ਉਸ ਆਦਮੀ ਦੀ ਜਗ੍ਹਾ ਨਹੀਂ ਭਰ ਸਕਦਾ। ਫਿਰ ਉਹ ਸਿਰਫ ਕਲੀਸਿਯਾ ਨੂੰ ਕਮਜ਼ੋਰ ਕਰਦੇ ਹਨ, ਕਿਸੇ ਪਾਲਤੂ ਜਾਨਵਰ ਦਾ ਪੱਖ ਪੂਰਨ ਦੀ ਕੋਸ਼ਿਸ਼ ਕਰਦੇ ਹੋਏ। ਇਹ ਹਮੇਸ਼ਾ ਇਸ ਤਰ੍ਹਾਂ ਰਿਹਾ ਹੈ।

26 ਪਰ ਮੈਂ ਸਥਾਨਕ ਕਲੀਸਿਯਾ ਦੇ ਸਰਵਉੱਚ ਅਧਿਕਾਰ ਵਿੱਚ ਵਿਸ਼ਵਾਸ ਕਰਦਾ ਹਾਂ। ਹਾਂ। ਹਰੇਕ ਕਲੀਸਿਯਾ ਕੋਲ ਆਪਣਾ ਹੋਣ ਦਿਓ, ਆਪਣੇ ਪਾਸਟਰ ਨੂੰ ਚੁਣੇ, ਆਪਣੇ ਡੀਕਨ, ਇਸਦੇ, ਜੋ ਵੀ ਇਹ ਹੈ। ਅਤੇ ਫਿਰ, ਇਸ ਤਰ੍ਹਾਂ, ਉੱਥੋਂ ਦੇ ਆਦਮੀ ਦੇ ਉੱਤੇ ਕੋਈ ਬਿਸ਼ਪ ਨਹੀਂ ਹੈ। ਪਵਿੱਤਰ ਆਤਮਾ ਉਸ ਕਲੀਸਿਯਾ ਨਾਲ ਕੁਝ ਬੋਲਣਾ ਚਾਹੁੰਦਾ ਹੈ, ਉਨ੍ਹਾਂ ਨੂੰ ਇਸ ਬਾਰੇ ਕਿਸੇ ਨੂੰ ਪੁੱਛਣ ਦੀ ਜ਼ਰੂਰਤ ਨਹੀਂ ਹੈ ਕਿ ਕੀ ਉਹ *ਇਹ* ਕਰ ਸਕਦੇ ਹਨ ਜਾਂ *ਉਹ* ਕਰ ਸਕਦੇ ਹਨ। ਇਹ ਉਹ ਵਿਅਕਤੀ ਹੈ ਜੋ ਪਵਿੱਤਰ ਆਤਮਾ ਦੇ ਸੰਪਰਕ ਵਿੱਚ ਹੈ। ਮੈਨੂੰ ਬਾਈਬਲ ਦੁਆਰਾ ਦਿਖਾਓ, ਬਾਈਬਲ ਵਿੱਚ, ਇੱਕ ਸਥਾਨਕ ਕਲੀਸਿਯਾ ਵਿੱਚ ਇੱਕ ਸਥਾਨਕ ਬਜ਼ੁਰਗ ਨਾਲੋਂ ਕੌਣ ਵੱਡਾ ਹੈ? ਇਹ ਸਹੀ ਹੈ, ਹਾਂ, ਸ਼੍ਰੀ ਮਾਨ, ਸਥਾਨਕ ਕਲੀਸਿਯਾ ਦੀ ਸੁਤੰਤਰਤਾ, ਹਰ ਇੱਕ ਕਲੀਸਿਯਾ ਆਪਣੇ ਆਪ ਵਿੱਚ ਸੁਤੰਤਰ ਹੈ। ਹੁਣ, ਭਾਈਚਾਰਾ, ਇਹ ਸ਼ਾਨਦਾਰ ਹੈ। ਸਾਰੀਆਂ ਕਲਿਸਿਯਾਂ ਨੂੰ ਇਕੱਠੇ ਹੋ ਕੇ ਇਸ ਤਰ੍ਹਾਂ ਦੇ ਭਾਈਚਾਰੇ ਵਿੱਚ, ਹੋਣਾ ਚਾਹੀਦਾ ਹੈ। ਪਰ ਸਥਾਨਕ ਕਲੀਸਿਯਾ ਦੀ ਸੁਤੰਤਰਤਾ!

27 ਧਿਆਨ ਦਿਓ ਪੌਲੁਸ, ਇੱਕ ਮਹਾਨ ਉਸਤਾਦ ਅਧਿਆਪਕ ਹੋਣ ਕਰਕੇ, ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ, ਇੱਕ ਦਿਨ, ਦਮਿਸ਼ਕ ਦੇ ਰਾਹ ਤੇ ਸੀ, ਉਹਨਾਂ ਲੋਕਾਂ ਨੂੰ ਗ੍ਰਿਫਤਾਰ ਕਰਨ ਲਈ ਜੋ ਇਸ ਨਵੇਂ ਰਾਹ ਵਿੱਚ ਸਨ। ਹੁਣ, ਉਹ ਇਮਾਨਦਾਰ ਸੀ। ਪਰਮੇਸ਼ੁਰ ਤੁਹਾਡੀ ਇਮਾਨਦਾਰੀ ਦੇ ਆਧਾਰ ਤੇ ਤੁਹਾਡਾ ਨਿਆਂ ਨਹੀਂ ਕਰਦਾ। ਮੈਂ ਪਰਾਈਆਂ ਕੌਮਾਂ ਤੋਂ ਵੱਧ ਇਮਾਨਦਾਰ ਲੋਕ ਕਦੇ ਨਹੀਂ ਦੇਖੇ। ਉਨ੍ਹਾਂ ਵਿੱਚੋਂ ਕਈ ਤਾਂ ਆਪਣੇ ਬੱਚਿਆਂ ਨੂੰ ਵੀ ਕਤਲ ਕਰ ਦਿੰਦੇ ਹਨ, ਵਿਅਰਥ ਵਿੱਚ, ਇੱਕ—ਇੱਕ ਮੂਰਤੀ ਨੂੰ ਬਲੀਦਾਨ ਚੜਾਉਣ ਲਈ। ਇਹ ਇਮਾਨਦਾਰੀ ਨਹੀਂ ਹੈ। ਇੱਕ ਆਦਮੀ ਕਾਰਬੋਲਿਕ ਤੇਜਾਬ ਪੀ ਸਕਦਾ ਹੈ, ਇਮਾਨਦਾਰੀ ਨਾਲ, ਇਹ ਸੋਚ ਕੇ ਕਿ ਉਹ ਕੁਝ ਹੋਰ ਲੈ ਰਿਹਾ ਹੈ। ਇਮਾਨਦਾਰੀ ਤੁਹਾਨੂੰ ਨਹੀਂ ਬਚਾਉਂਦੀ। "ਇੱਕ ਅਜਿਹਾ ਰਾਹ ਹੈ ਜੋ ਮਨੁੱਖ ਨੂੰ ਸਹੀ ਜਾਪਦਾ ਹੈ, ਪਰ ਉਸਦਾ ਅੰਤ ਮੌਤ ਦੇ ਰਾਹ ਨੂੰ ਜਾਂਦਾ ਹੈ।"

ਪੌਲੁਸ ਈਮਾਨਦਾਰ ਸੀ ਜਦੋਂ ਉਸਨੇ ਗਵਾਹੀ ਦਿੱਤੀ, ਆਪਣੇ ਅਧਿਕਾਰ

ਵਿੱਚ, ਇਸਤੀਫ਼ਾਨ ਨੂੰ ਪਥਰਾਓ ਕਰਨ ਲਈ। ਬਾਅਦ ਵਿੱਚ ਸਾਲਾਂ ਬਾਅਦ, ਮੈਨੂੰ ਪੌਲੁਸ ਦੀ ਮੁਆਫੀ ਪਸੰਦ ਹੈ, ਉਸਨੇ ਕਿਹਾ, "ਮੈਂ ਚੇਲਾ ਕਹਾਉਣ ਜਾਂ ਰਸੂਲ ਕਹਾਉਣ ਦੇ ਲਾਇਕ ਨਹੀਂ ਹਾਂ, ਕਿਉਂਕਿ ਮੈਂ ਕਲੀਸਿਯਾ ਨੂੰ ਮੌਤ ਤੱਕ ਸਤਾਇਆ ਸੀ।" ਇਮਾਨਦਾਰੀ ਨਾਲ!

28 ਅਤੇ ਉਸਦੇ ਸਫ਼ਰ ਵਿੱਚ, ਉਸਨੂੰ ਇੱਕ ਅਨੁਭਵ ਮਿਲਿਆ। ਪਵਿੱਤਰ ਆਤਮਾ ਅੱਗ ਦੇ ਇੱਕ ਵੱਡੇ ਥੰਮ੍ਹ ਵਿੱਚ ਬਾਹਰ ਆਇਆ, ਅਤੇ ਇਸਨੇ ਉਸਨੂੰ ਅੰਨ੍ਹਾ ਕਰ ਦਿੱਤਾ। ਹੁਣ, ਅਸੀਂ ਉਸ ਵਿੱਚੋਂ ਲੰਘ ਚੁੱਕੇ ਹਾਂ, ਉਹ ਅੱਗ ਦਾ ਥੰਮ੍ਹ ਮਸੀਹ ਸੀ। ਅਤੇ ਉਹ ਅੱਗ ਦਾ ਉਹੀ ਥੰਮ੍ਹ ਹੈ ਜੋ ਉਜਾੜ ਵਿੱਚੋਂ ਬੱਚਿਆਂ ਦੀ ਅਗਵਾਈ ਕਰਦਾ ਸੀ। ਮਸੀਹ ਪਰਮੇਸ਼ੁਰ ਸੀ, ਅਤੇ ਪਰਮੇਸ਼ੁਰ ਮਸੀਹ ਸੀ। ਪਰਮੇਸ਼ੁਰ ਦੇਹਧਾਰੀ ਹੋਇਆ ਅਤੇ ਪ੍ਰਭੂ ਯਿਸੂ ਦੀ ਦੇਹ ਵਿੱਚ ਵਾਸ ਕੀਤਾ। "ਪਰਮੇਸ਼ੁਰ ਮਸੀਹ ਵਿੱਚ ਸੀ, ਸੰਸਾਰ ਨੂੰ ਆਪਣੇ ਨਾਲ ਮਿਲਾ ਰਿਹਾ ਸੀ," ਦਿਖਾ ਰਿਹਾ ਸੀ ਕਿ ਉਹ ਕੀ ਸੀ।

29 ਇੱਥੇ ਪਿਛਾਂਹ ਬਾਈਬਲ ਵਿੱਚ, ਪਿਛਲੀਆਂ ਆਇਤਾਂ ਵਿੱਚ ਅਸੀਂ ਪੜ੍ਹ ਰਹੇ ਹਾਂ, ਕਿ, "ਉਸਨੇ ਆਪਣੇ ਆਪ ਨੂੰ ਦੂਤਾਂ ਨਾਲੋਂ ਨੀਵਾਂ ਬਣਾ ਲਿਆ। ਸਰੂਪ ਧਾਰਿਆ, ਦੂਤਾਂ ਦਾ ਨਹੀਂ, ਪਰ ਦੇਹ ਦਾ ਰੂਪ ਲਿਆ।" ਦੂਤ ਡਿੱਗੇ ਨਹੀਂ ਸਨ, ਉਹਨਾਂ ਨੂੰ ਮੁਕਤੀ ਦੀ ਲੋੜ ਨਹੀਂ ਸੀ। ਦੇਹ ਡਿੱਗ ਗਈ ਸੀ, ਮਨੁੱਖ, ਅਤੇ ਉਹਨਾਂ ਨੂੰ ਮੁਕਤੀ ਦੀ ਲੋੜ ਸੀ। ਇਸ ਲਈ, ਪੁਰਾਣੇ ਕਾਨੂੰਨਾਂ ਵਿੱਚ, ਇੱਕ ਆਦਮੀ, ਇੱਕ—ਇੱਕ ਛੁਡਾਉਣ ਵਾਲਾ ਹੋਣ ਦੇ ਲਈ, ਪਹਿਲਾਂ ਉਸਨੂੰ ਰਿਸ਼ਤੇਦਾਰ ਹੋਣਾ ਪੈਂਦਾ ਸੀ; ਰੂਥ ਦੀ ਮਹਾਨ ਕਿਤਾਬ, ਅਸੀਂ ਕੁਝ ਸਮਾਂ ਪਹਿਲਾਂ, ਇੱਥੇ ਗਏ ਸੀ। ਅਤੇ ਕਿਵੇਂ ਉਹ ਪਰਮੇਸ਼ੁਰ, ਆਤਮਾ ਹੋਣ ਕਰਕੇ, ਸਾਡੇ ਨਾਲ ਰਿਸ਼ਤੇਦਾਰ ਬਣ ਗਿਆ ਸੀ, ਸਾਡੇ ਵਿੱਚੋਂ ਇੱਕ ਬਣ ਕੇ, ਸਾਨੂੰ ਛੁਡਾਉਣ ਅਤੇ ਸਾਨੂੰ ਸਦੀਪਕ ਜੀਵਨ ਦੇਣ ਲਈ। ਉਸ ਨੂੰ ਅਸੀਂ ਬਣਨਾ ਪਿਆ, ਤਾਂ ਜੋ ਅਸੀਂ ਕਿਰਪਾ ਦੁਆਰਾ ਉਸ ਦੇ ਵਰਗੇ ਬਣ ਸਕੀਏ।

30 ਅਤੇ ਅਸੀਂ ਵੇਖਦੇ ਹਾਂ ਕਿ ਅੱਗ ਦੇ ਥੰਮ੍ਹ ਨੇ ਇਸਰਾਏਲ ਦੇ ਬੱਚਿਆਂ ਦੀ ਅਗਵਾਈ ਕੀਤੀ। ਅਤੇ ਜਦੋਂ ਇਹ ਧਰਤੀ ਉੱਤੇ ਦੇਹਧਾਰੀ ਹੋਇਆ ਸੀ, ਅਸੀਂ ਇੱਕ ਦਿਨ ਉਸਨੂੰ ਗੱਲ ਕਰਦੇ ਸੁਣਦੇ ਹਾਂ, ਅਤੇ ਉਸਨੇ ਦਾਅਵਾ ਕੀਤਾ ਕਿ ਉਹ ਅੱਗ ਦਾ ਥੰਮ੍ਹ ਸੀ। ਓਹਨਾਂ ਨੇ ਕਿਹਾ, "ਤੂੰ ਕਹਿੰਦਾ ਹੈਂ ਕਿ ਤੂੰ ਸਾਡੇ ਪਿਤਾ ਅਬਰਾਹਾਮ ਤੋਂ ਵੀ ਵੱਡਾ ਹੈਂ?"

31 ਉਸ ਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ**।" **ਮੈਂ ਹਾਂ** ਕੌਣ ਸੀ? ਬਲਦੀ ਝਾੜੀ ਵਿੱਚ ਅੱਗ ਦਾ ਥੰਮ੍ਹ, ਹਰ ਪੀੜ੍ਹੀ ਲਈ ਇੱਕ ਸਦੀਵੀ ਯਾਦਗਾਰ; ਨਾ ਸਿਰਫ਼ ਉਹ ਪੀੜ੍ਹੀ, ਪਰ ਇਹ ਪੀੜ੍ਹੀ, ਅੱਗ ਦਾ ਉਹੀ ਥੰਮ੍ਹ।

ਅਤੇ ਅਸੀਂ ਅੱਜ ਸਵੇਰੇ ਸ਼ੁਕਰਗੁਜ਼ਾਰ ਹਾਂ ਕਿ ਸਾਡੇ ਕੋਲ ਇਸਦੀ ਤਸਵੀਰ ਵੀ ਹੈ, ਕਿ ਉਹ ਨਹੀਂ ਬਦਲਿਆ ਹੈ। ਉਹ ਅਮਰ, ਅਨੰਤ, ਮੁਬਾਰਕ ਹੈ। ਉਹ ਹੁਣ ਵੀ ਉਹੀ ਕੰਮ ਕਰਦਾ ਹੈ ਜੋ ਉਸ ਨੇ ਉਦੋਂ ਕੀਤੇ ਸਨ, ਅਤੇ ਇਹ ਸਾਨੂੰ ਕਿੰਨੀ ਖ਼ੁਸ਼ੀ ਮਹਿਸੂਸ ਕਰਾਉਂਦਾ ਹੈ!

32 ਪਰ ਪੌਲੁਸ ਇਸ ਤਜਰਬੇ ਨੂੰ ਸਵੀਕਾਰ ਕਰਨ ਤੋਂ ਪਹਿਲਾਂ...ਇਹ ਜਾਣ ਕੇ ਕਿ ਪ੍ਰਭੂ ਦਾ ਦੂਤ ਅੱਗ ਦਾ ਥੰਮ੍ਹ ਸੀ, ਜੋ ਮਸੀਹ ਸੀ,...ਖੈਰ, ਉਹ ਨੇਮ ਦਾ ਦੂਤ ਸੀ, ਜੋ ਮਸੀਹ ਸੀ। ਮੂਸਾ ਨੇ ਉੱਤਮ ਜਾਣਿਆ, ਕਿ, ਸਗੋਂ ਮਸੀਹ ਦੇ ਲੋਕਾਂ ਦੇ ਨਾਲ ਦੁੱਖ ਝੱਲਣ ਨੂੰ ਚੁਣਿਆ, ਅਤੇ ਮਸੀਹ ਦੁਆਰਾ ਅਗਵਾਈ ਕੀਤੇ ਜਾਣ ਨੂੰ, ਮਿਸਰ ਦੇ ਸਾਰੇ ਖਜ਼ਾਨਿਆਂ ਨਾਲੋਂ। ਉਸ ਨੇ ਮਸੀਹ ਦਾ ਪਿੱਛਾ ਕੀਤਾ, ਜੋ ਅੱਗ ਦੇ ਥੰਮ੍ਹ ਦੇ ਰੂਪ ਵਿੱਚ ਸੀ।

33 ਤਦ ਮਸੀਹ ਨੇ ਕਿਹਾ, "ਮੈਂ ਪਰਮੇਸ਼ੁਰ ਤੋਂ ਆਇਆ ਹਾਂ," ਜਦੋਂ ਉਹ ਇੱਥੇ ਧਰਤੀ ਉੱਤੇ ਸੀ, "ਮੈਂ ਪਰਮੇਸ਼ੁਰ ਕੋਲ ਵਾਪਸ ਜਾਂਦਾ ਹਾਂ।" ਉਸਦੀ ਮੌਤ, ਦਫ਼ਨਾਉਣ, ਪੁਨਰ-ਉਥਾਨ ਤੋਂ ਬਾਅਦ, ਉਸਦਾ ਮਹਿਮਾਮਈ ਸਰੀਰ ਅੱਤ ਮਹਾਨ ਦੇ ਸੱਜੇ ਹੱਥ ਬਿਰਾਜਮਾਨ ਹੋਇਆ, ਵਿਚੋਲਗੀ ਕਰਨ ਲਈ; ਪੌਲੁਸ ਨੇ ਉਸਨੂੰ ਅੱਗ ਦੇ ਥੰਮ੍ਹ ਦੇ ਰੂਪ ਵਿੱਚ, ਦੁਬਾਰਾ ਦੇਖਿਆ: ਇੱਕ ਰੋਸ਼ਨੀ ਜਿਸਨੇ ਉਸਦੀ ਅੱਖਾਂ ਨੂੰ ਬਾਹਰ ਕੱਢ ਦਿੱਤਾ, ਲਗਭਗ; ਉਸਨੂੰ ਅੰਨ੍ਹਾ ਕਰ ਦਿੱਤਾ।

34 ਪਤਰਸ ਨੇ ਉਸਨੂੰ ਇੱਕ ਰੋਸ਼ਨੀ ਦੇ ਰੂਪ ਵਿੱਚ ਜੇਲ੍ਹ ਵਿੱਚ ਆਉਂਦਾ ਵੇਖਿਆ, ਅਤੇ ਉਸਦੇ ਸਾਹਮਣੇ ਦਰਵਾਜ਼ੇ ਖੋਲ੍ਹਦੇ ਹੋਏ ਜਦੋਂ ਉਹ ਬਾਹਰ ਜਾਂਦਾ ਸੀ। ਸਾਨੂੰ ਪਤਾ ਚਲਦਾ ਹੈ ਕਿ ਉਹ ਅਲਫ਼ਾ ਅਤੇ ਓਮੇਗਾ, ਪਹਿਲਾ ਅਤੇ ਆਖਰੀ ਸੀ।

35 ਅਤੇ ਇੱਥੇ ਉਹ ਅੱਜ ਸਾਡੇ ਨਾਲ ਹੈ, ਉਹੀ ਕੰਮ ਕਰ ਰਿਹਾ ਹੈ ਜੋ ਉਸਨੇ ਉਦੋਂ ਕੀਤੇ ਸਨ, ਸਾਡੇ ਲਈ ਆਪਣੇ ਆਪ ਨੂੰ ਦੁਬਾਰਾ ਪਰਤੱਖ ਬਣਾ ਰਿਹਾ ਹੈ, ਇਸ ਨੂੰ ਵਿਗਿਆਨਕ ਸੰਸਾਰ ਨੂੰ ਦਿਖਾ ਰਿਹਾ ਹੈ।

36 ਔਹ, ਧਰਤੀ ਉੱਤੇ ਹਨੇਰੇ ਅਤੇ ਹਫੜਾ-ਦਫੜੀ ਦੀ ਇਸ ਮਹਾਨ ਘੜੀ ਵਿੱਚ, ਸਾਨੂੰ ਪੂਰੀ ਧਰਤੀ ਵਿੱਚ ਸਭ ਤੋਂ ਖੁਸ਼ ਲੋਕ ਹੋਣਾ ਚਾਹੀਦਾ ਹੈ, ਆਨੰਦ ਮਨਾਉਣ ਲਈ, ਇਹ ਜਾਣ ਕੇ। ਹਰ ਵਾਰ, ਜਦੋਂ ਲੋਕ ਇੰਨੇ ਖੁੱਭ ਜਾਂਦੇ ਹਨ, ਅਤੇ ਧਰਤੀ ਵਿੱਚ ਹਰ ਕਿਸਮ ਦੇ ਪੰਥ ਅਤੇ ਚੀਜ਼ਾਂ, ਅਤੇ ਫਿਰ ਵੀ, ਅੱਜ, ਅਸਲ, ਜੀਵਤ ਪਰਮੇਸ਼ੁਰ, ਉਸਦੇ ਬਚਨ ਅਤੇ ਉਸਦੇ ਪ੍ਰਤੱਖ ਸਬੂਤ ਦੁਆਰਾ, ਸਾਨੂੰ ਦਿਖਾਉਂਦਾ ਹੈ ਕਿ ਉਹ ਇੱਥੇ ਸਾਡੇ ਨਾਲ ਹੈ, ਕੰਮ ਕਰਦਾ ਹੋਇਆ, ਚੱਲਦਾ ਹੋਇਆ, ਜਿਉਂਦਾ, ਬਿਲਕੁਲ ਉਸੇ ਤਰ੍ਹਾਂ ਕੰਮ ਕਰਦਾ ਹੋਇਆ ਜਿਵੇਂ ਉਹ ਹਮੇਸ਼ਾ ਕਰਦਾ ਸੀ। ਅਸੀਂ ਕਿੰਨੇ ਭਾਗਾਂ ਵਾਲੇ ਲੋਕ ਹਾਂ, ਸਾਨੂੰ ਇਹ

ਸਭ ਮਿਲਿਆ ਹੈ! ਸਾਨੂੰ ਕਰਨਾ ਚਾਹੀਦਾ ਹੈ...ਬਾਈਬਲ ਨੇ ਕਿਹਾ, ਫਿਰ, ਦੂਜੇ ਅਧਿਆਇ ਵਿਚ, "ਸਾਨੂੰ ਇਨ੍ਹਾਂ ਗੱਲਾਂ ਨੂੰ ਤਕੜਾਈ ਨਾਲ ਫੜੀ ਰੱਖਣਾ ਚਾਹੀਦਾ ਹੈ। ਕਿਉਂਕਿ, ਜੇ ਅਸੀਂ ਅਜਿਹੀ ਮਹਾਨ ਮੁਕਤੀ ਨੂੰ ਨਜ਼ਰਅੰਦਾਜ਼ ਕਰ ਦੇਈਏ ਤਾਂ ਅਸੀਂ ਕਿਵੇਂ ਬਚਾਂਗੇ?"

37 ਹੁਣ, ਸਾਨੂੰ ਇਹ ਪਤਾ ਲੱਗਦਾ ਹੈ, ਇਸ ਤੋਂ ਪਹਿਲਾਂ ਕਿ ਪੌਲੁਸ ਉਸ ਅਨੁਭਵ ਨੂੰ ਸਵੀਕਾਰ ਕਰਦਾ...ਹੁਣ, ਅਸੀਂ ਡੂੰਘਾਈ ਵਿੱਚ ਜਾ ਰਹੇ ਹਾਂ। ਹੁਣ, ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਦੇ ਵੀ ਕਿਸੇ ਕਿਸਮ ਦਾ ਅਨੁਭਵ ਪ੍ਰਾਪਤ ਕੀਤਾ ਹੋਵੇ, ਕਲੀਸਿਯਾ, ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਭਾਵੇਂ ਇਹ ਕਿੰਨਾ ਵੀ ਚੰਗਾ ਦਿੱਸਦਾ ਹੋਵੇ, ਇਹ ਕਿੰਨਾ ਅਸਲੀ ਲੱਗਦਾ ਹੈ, ਇਸ ਨੂੰ ਪਹਿਲਾਂ ਬਾਈਬਲ ਦੁਆਰਾ ਪਰਖਿਆ ਜਾਣਾ ਚਾਹੀਦਾ ਹੈ। ਹਮੇਸ਼ਾ ਬਚਨ ਦੇ ਆਧਾਰ ਤੇ! ਉਸ ਨੂੰ ਕਦੇ ਵੀ ਨਾ ਛੱਡੋ, ਕਿਸੇ ਵੀ ਅਨੁਭਵ ਦੇ ਕਰਕੇ।

38 ਅਤੇ ਪੌਲੁਸ, ਇਸ ਤੋਂ ਪਹਿਲਾਂ ਕਿ ਉਹ ਇਸਨੂੰ ਸਵੀਕਾਰ ਕਰਦਾ, ਉਹ ਅਰਬ ਵਿੱਚ ਗਿਆ ਅਤੇ ਉੱਥੇ ਤਿੰਨ ਸਾਲ ਰਿਹਾ, ਵਚਨ ਦੇ ਨਾਲ ਇਸ ਅਨੁਭਵ ਦੀ ਜਾਂਚ ਕਰ ਰਿਹਾ ਸੀ। ਅਤੇ ਜਦੋਂ ਉਹ ਵਾਪਸ ਆਇਆ, ਤਾਂ ਉਸਨੂੰ ਪੱਕਾ ਯਕੀਨ ਸੀ। ਕੋਈ ਵੀ ਚੀਜ਼ ਉਸਨੂੰ ਪਰੇਸ਼ਾਨ ਨਹੀਂ ਕਰ ਸਕਦੀ ਸੀ, ਕਿਉਂਕਿ ਉਹ ਬਚਨ ਤੇ ਮਜ਼ਬੂਤ, ਅਟੱਲ ਸੀ। ਅਤੇ ਇਹ ਉਹ ਥਾਂ ਹੈ ਜਿੱਥੇ ਉਹ ਹੁਣ ਇਹਨਾਂ ਇਬਰਾਨੀਆਂ ਨੂੰ ਦਿਖਾਉਣ ਲਈ ਮੁੜ ਰਿਹਾ ਹੈ, ਉਹ ਮਹਾਨ ਚੀਜ਼ਾਂ ਜਿਨ੍ਹਾਂ ਬਾਰੇ ਗੱਲ ਕੀਤੀ ਗਈ ਸੀ, ਪੁਰਾਣੇ ਨੇਮ ਦੀਆਂ, ਯਿਸੂ ਮਸੀਹ ਵਿੱਚ ਪ੍ਰਗਟ ਕੀਤੀਆਂ ਗਈਆਂ ਸਨ। ਕਿੰਨਾ ਸ਼ਾਨਦਰ ਹੈ!

39 ਹੁਣ, ਪਿਛਲੇ ਐਤਵਾਰ, ਜਾਂ ਪਿਛਲੇ ਬੁੱਧਵਾਰ, ਇੱਥੇ, 5ਵੇਂ ਅਧਿਆਇ ਵਿੱਚ, ਭਾਈ ਨੇਵਿਲ ਨੇ, ਕੁਝ ਬਹੁਤ ਉੱਚੀਆਂ ਥਾਵਾਂ ਨੂੰ ਛੁਹਿਆ ਸੀ, ਕਿਉਂਕਿ ਇਹ ਇੱਕ ਸ਼ਾਨਦਾਰ ਅਧਿਆਇ ਹੈ। ਅਤੇ ਅਸੀਂ ਉਸਨੂੰ ਚੌਥੇ ਅਧਿਆਇ, ਪਿਛਲੇ ਐਤਵਾਰ, *ਸਬਤ* ਦੇ ਦਿਨ, ਸਬਤ ਦੇ ਦਿਨ ਦੀ ਪਾਲਣਾ ਕਰਦੇ ਹੋਏ ਪਾਉਂਦੇ ਹਾਂ। ਕੀ ਤੁਹਾਨੂੰ ਯਕੀਨ ਹੈ, ਅੱਜ ਸਵੇਰੇ, ਤੁਸੀਂ ਜਾਣਦੇ ਹੋ ਕਿ ਸਬਤ ਦਾ ਦਿਨ ਕੀ ਹੈ? ਜੇ ਤੁਸੀਂ ਕਰਦੇ ਹੋ, ਤਾਂ ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

40 *ਸਬਤ* "ਆਰਾਮ" ਹੈ ਜਿਸ ਵਿੱਚ ਅਸੀਂ ਦਾਖਲ ਹੁੰਦੇ ਹਾਂ, ਦਿਨ ਦੁਆਰਾ ਨਹੀਂ, ਸ਼ਰਾ ਦੁਆਰਾ ਨਹੀਂ, ਪਰ ਮਸੀਹ ਵਿੱਚ ਦਾਖਲ ਹੋ ਕੇ ਜੋ ਸਾਡਾ ਸਬਤ ਹੈ। ਉਹ ਸਾਡਾ ਸਬਤ ਹੈ। ਅਸੀਂ ਇਹ ਸਭ ਪੁਰਾਣੇ ਨੇਮ ਦੁਆਰਾ ਚਲਾਇਆ, ਅਤੇ ਦਿਖਾਇਆ ਕਿ ਸਮਾਂ ਆਵੇਗਾ ਜਦੋਂ ਵਚਨ ਆਵੇਗਾ "ਬਿਧ ਤੇ ਬਿਧ, ਸੂਤ੍ਰ ਤੇ ਸੂਤ੍ਰ।" ਅਤੇ ਉਸਨੇ ਸਾਬਤ ਕੀਤਾ ਕਿ ਅਸੀਂ ਪੰਤੇਕੁਸਤ ਦੇ ਦਿਨ ਉਸਦੇ

ਆਰਾਮ ਵਿੱਚ ਦਾਖਲ ਹੋਏ, "ਇਸ ਨਾਲ ਥੱਕੇ ਹੋਏ ਨੂੰ ਆਰਾਮ ਮਿਲੇਗਾ, ਸਮਾਪਤ।"

41 ਸਾਨੂੰ ਪਤਾ ਚਲਦਾ ਹੈ, ਕਿ, "ਪਰਮੇਸ਼ੁਰ ਨੇ ਦਾਊਦ ਦੇ ਵਿੱਚ ਇੱਕ ਦਿਨ ਠਹਿਰਾਇਆ, ਲਗਭਗ ਸੱਤਵਾਂ ਦਿਨ।" ਅਤੇ, "ਪਰਮੇਸ਼ੁਰ ਨੇ ਸੱਤਵੇਂ ਦਿਨ ਆਰਾਮ ਕੀਤਾ।" ਇਸ ਨੂੰ ਉਜਾੜ ਵਿੱਚ ਇਸਰਾਏਲ ਦੇ ਬਾਲਕਾਂ ਨੂੰ ਦਿੱਤਾ। "ਅਤੇ ਦੁਬਾਰਾ, ਉਸਨੇ ਇੱਕ ਦਿਨ ਠਹਿਰਾਇਆ।" ਇਹ ਕਿਹੜਾ ਦਿਨ ਸੀ? ਹਫ਼ਤੇ ਵਿੱਚ ਇੱਕ ਖਾਸ ਦਿਨ? "ਜਿਸ ਦਿਨ ਤੁਸੀਂ ਉਸਦੀ ਆਵਾਜ਼ ਸੁਣੋ, ਤਾਂ ਆਪਣੇ ਦਿਲ ਨੂੰ ਕਠੋਰ ਨਾ ਕਰੋ।" ਇਹੀ ਉਹ ਦਿਨ ਹੈ ਜਿਸ ਦਿਨ ਵਿੱਚ ਉਹ ਜਾ ਰਿਹਾ ਹੈ, ਤੁਹਾਨੂੰ ਇੱਕ ਸਦੀਪਕ ਸ਼ਾਂਤੀ, ਇੱਕ ਸਦੀਪਕ ਸਬਤ ਦੇਣ ਲਈ।

42 ਫਿਰ, ਤੁਸੀਂ ਧਾਰਮਿਕ ਬਣਨ ਲਈ, ਐਤਵਾਰ ਨੂੰ ਗਿਰਜੇ ਵਿੱਚ ਨਹੀਂ ਜਾਂਦੇ। ਜਦੋਂ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਜਨਮ ਲੈਂਦੇ ਹੋ, ਤਾਂ ਤੁਸੀਂ ਸਦਾ ਲਈ ਆਰਾਮ ਵਿੱਚ ਦਾਖਲ ਹੋ ਜਾਂਦੇ ਹੋ, ਹੋਰ ਸਬਤ ਰੱਖਣ ਦੀ ਲੋੜ ਨਹੀਂ ਰਹਿੰਦੀ। ਤੁਸੀਂ ਸਬਤ ਦੇ ਦਿਨ *ਵਿੱਚ* ਹੋ, ਨਿਰੰਤਰ, ਸਦਾ ਲਈ, ਅਤੇ ਅਨੰਤਾ ਦੇ ਲਈ। "ਤੁਹਾਡੇ ਸੰਸਾਰਕ ਕੰਮ ਮੁੱਕ ਗਏ ਹਨ," ਬਾਈਬਲ ਕਹਿੰਦੀ ਹੈ, "ਅਤੇ ਤੁਸੀਂ ਇਸ ਮੁਬਾਰਕ ਸ਼ਾਂਤੀ ਵਿੱਚ ਦਾਖਲ ਹੋ ਗਏ ਹੋ।"

43 ਇਹ ਪਹਿਲੇ ਪੰਜ ਅਧਿਆਇ ਯਿਸੂ ਨੂੰ ਪ੍ਰਧਾਨ ਜਾਜਕ ਦੀ ਪਦਵੀ ਤੇ ਰੱਖ ਰਹੇ ਹਨ। "ਪਰਮੇਸ਼ੁਰ ਨੇ ਵੱਖੋ-ਵੱਖਰੇ ਸਮਿਆਂ ਵਿੱਚ ਅਤੇ ਵੱਖੋ-ਵੱਖਰੇ ਤਰੀਕਿਆਂ ਨਾਲ ਨਬੀਆਂ ਰਾਹੀਂ ਪੁਰਖਿਆਂ ਨਾਲ ਗੱਲ ਕੀਤੀ, ਪਰ ਇਸ ਆਖਰੀ ਦਿਨ ਵਿੱਚ ਉਸਦੇ ਪੁੱਤਰ, ਯਿਸੂ ਰਾਹੀਂ," ਪਹਿਲਾ ਅਧਿਆਇ, ਪਹਿਲੀ ਆਇਤ।

44 ਫਿਰ 5ਵੇਂ ਅਧਿਆਇ ਦੇ ਅੰਤ ਤੱਕ, ਅਸੀਂ ਉਸ ਨੂੰ ਦਰਸ਼ਾਇਆ ਗਿਆ ਵੇਖਦੇ ਹਾਂ ਮਲਕਿਸਿਦਕ ਦੇ ਰੂਪ ਵਿੱਚ, ਜਿਸ ਦੇ ਨਾ ਦਿਨਾਂ ਦੀ ਸ਼ੁਰੂਆਤ ਸੀ, ਨਾ ਜੀਵਨ ਦਾ ਕੋਈ ਅੰਤ ਸੀ, ਪਰ ਸਦਾ ਲਈ ਇੱਕ ਜਾਜਕ ਸੀ। ਇਸ ਬਾਰੇ ਸੋਚੋ। ਇਹ ਮਹਾਨ ਆਦਮੀ ਕੌਣ ਸੀ? ਅਸੀਂ ਇਸਨੂੰ ਲਵਾਂਗੇ, ਲਗਭਗ ਦੋ ਹੋਰ ਅਧਿਆਵਾਂ ਵਿੱਚ, ਉਸ ਦਾ ਸਾਰਾ ਜੀਵਨ, ਅਸੀਂ ਅਧਿਐਨ ਕਰਨ ਜਾ ਰਹੇ ਹਾਂ: ਇਹ ਮਹਾਨ ਆਦਮੀ ਜੋ ਅਬਰਾਹਾਮ ਨੂੰ ਮਿਲਿਆ, ਜਿਸਦਾ ਕਦੇ ਕੋਈ ਪਿਤਾ ਨਹੀਂ ਸੀ, ਕਦੇ ਕੋਈ ਮਾਂ ਨਹੀਂ ਸੀ, ਉਸ ਕੋਲ ਕਦੇ ਕੋਈ ਸਮਾਂ ਨਹੀਂ ਸੀ ਜਿਸ ਵੇਲੇ ਉਸ ਨੇ ਆਪਣਾ ਜੀਵਨ ਸ਼ੁਰੂ ਕੀਤਾ, ਜਾਂ ਉਸ ਕੋਲ ਕਦੇ ਅਜਿਹਾ ਸਮਾਂ ਨਹੀਂ ਹੋਵੇਗਾ ਜਿਸ ਵੇਲੇ ਉਹ ਜੀਵਨ ਨੂੰ ਖਤਮ ਕਰੇਗਾ। ਅਤੇ ਉਹ ਅਬਰਾਹਾਮ ਨੂੰ ਰਾਜੇ ਦੇ ਕਤਲੇਆਮ ਤੋਂ ਆਉਂਦੇ ਹੋਏ ਮਿਲਿਆ।

45 ਇਸ ਮਹਾਨ ਵਿਅਕਤੀ ਵੱਲ ਗੌਰ ਕਰੋ, ਜੋ ਵੀ ਉਹ ਸੀ, ਉਹ ਅਜੇ ਵੀ ਜਿਉਂਦਾ ਹੈ। ਉਸ ਦੀ ਜ਼ਿੰਦਗੀ ਦਾ ਕੋਈ ਅੰਤ ਨਹੀਂ ਸੀ। ਇਹ ਮਸੀਹ ਸੀ, ਜਿਸਨੂੰ ਉਹ ਮਿਲਿਆ ਸੀ। ਅਸੀਂ ਕੁਝ ਦਿਨਾਂ ਵਿੱਚ, ਇਸਦਾ ਡੂੰਘਾ ਅਧਿਐਨ ਕਰਨ ਜਾ ਰਹੇ ਹਾਂ।

46 ਹੁਣ, ਅਸੀਂ ਹੁਣ ਇੱਥੇ 5ਵੇਂ ਅਧਿਆਇ ਵਿੱਚ ਸ਼ੁਰੂ ਕਰਨਾ ਚਾਹੁੰਦੇ ਹਾਂ, ਬਸ ਥੋੜੇ ਜਿਹੜੇ ਪਿਛੋਕੜ ਲਈ ਇਸ ਤੋਂ ਪਹਿਲਾਂ ਕਿ ਅਸੀਂ 6ਵੇਂ ਅਧਿਆਇ ਨੂੰ ਛੂਹੀਏ, ਕਿਉਂਕਿ ਇਹ ਅਸਲ ਵਿੱਚ ਇੱਕ ਸ਼ਾਨਦਾਰ ਚੀਜ਼ ਹੈ। ਗੌਰ ਕਰੋ। ਅਸੀਂ ਇਸ ਅਧਿਆਇ ਦੀ 7ਵੀਂ ਆਇਤ ਤੋਂ ਸ਼ੁਰੂ ਕਰਨ ਜਾ ਰਹੇ ਹਾਂ। ਖੈਰ, ਆਓ ਛੇਵੀਂ ਆਇਤ ਤੋਂ ਸ਼ੁਰੂ ਕਰੀਏ।

*ਜਿਵੇਂ ਉਹ ਇੱਕ ਹੋਰ ਥਾਂ ਵਿੱਚ ਵੀ ਆਖਦਾ ਹੈ, ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਜਾਜਕ ਹੈਂ।*

*ਉਹ ਨੇ ਆਪਣੇ ਉਨੀਂ ਦਿਨੀਂ ਜਦੋਂ ਦੇਹ ਧਾਰੀ ਹੋਈ ਸੀ, ਜਦੋਂ ਉਸਨੇ...ਬਹੁਤ ਢਾਹਾਂ ਮਾਰ ਮਾਰ ਕੇ ਅਤੇ ਅੰਝੂ ਕੇਰ ਕੇਰ ਕੇ ਬੇਨਤੀਆਂ ਅਤੇ ਮਿੰਨਤਾ ਕੀਤੀਆਂ...ਉਸ ਦੇ ਅੱਗੇ... ਜਿਹੜਾ ਉਹ ਨੂੰ ਮੌਤ ਤੋਂ ਬਚਾ ਸੱਕਦਾ ਸੀ, ਅਤੇ ਪਰਮੇਸ਼ੁਰ ਦਾ ਭੈ ਰੱਖਣ ਦੇ ਕਾਰਨ ਉਹ ਦੀ ਸੁਣੀ ਗਈ;*

*ਉਹ ਭਾਵੇਂ ਪੁੱਤ੍ਰ ਸੀ, ਪਰ ਜਿਹੜੇ...ਉਹ ਨੇ ਦੁਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ;*

47 ਹੁਣ ਇਹ ਉਹ ਥਾਂ ਹੈ ਜਿੱਥੇ ਮੈਂ ਪਹੁੰਚਣਾ ਚਾਹੁੰਦਾ ਹਾਂ, ਇਹ 9ਵੀਂ ਆਇਤ। ਸੁਣੋ। ਮੇਰਾ ਅੰਦਾਜ਼ਾ ਹੈ ਕਿ ਭਾਈ ਨੇਵਿਲ ਨੇ ਬੁੱਧਵਾਰ ਨੂੰ ਇਸ ਨੂੰ ਛੁਹਿਆ ਸੀ। ਮੈਂ ਇੱਥੇ ਨਹੀਂ ਸੀ। ਠੀਕ ਹੈ, ਸੁਣੋ।

*ਅਤੇ ਉਹ ਸਿੱਧ ਹੋ ਕੇ, ਓਹਨਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ;*

*ਕਿ ਉਹ ਪਰਮੇਸ਼ੁਰ ਦੀ ਵੱਲੋਂ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਪਰਧਾਨ ਜਾਜਕ ਕਰਕੇ ਆਖਿਆ ਗਿਆ।*

*ਉਹ ਦੇ ਵਿਖੇ ਅਸਾਂ ਬਹੁਤ ਕੁਝ ਆਖਣਾ ਹੈ,...*

48 ਅਸੀਂ ਇਸਨੂੰ ਉੱਥੇ ਛੱਡ ਦਿੰਦੇ ਹਾਂ, ਕਿਉਂਕਿ ਅਸੀਂ ਕੁਝ ਰਾਤਾਂ ਵਿੱਚ ਮਲਕਿਸਿਦਕ ਬਾਰੇ ਗੱਲ ਕਰਨ ਜਾ ਰਹੇ ਹਾਂ।

49 ਹੁਣ ਅਸੀਂ ਇਸ ਤੇ ਸ਼ੁਰੂ ਕਰਨ ਜਾ ਰਹੇ ਹਾਂ, ਸਾਡਾ ਨਿਯਮਤ ਅਧਿਐਨ। ਮੈਂ ਚਾਹੁੰਦਾ ਹਾਂ...ਮੈਂ ਇਸ ਦਾ ਬਾਕੀ ਹਿੱਸਾ ਇੱਕ ਪਲ ਲਈ ਪੜ੍ਹਾਂਗਾ, 11ਵੀਂ

ਆਇਤ।

*ਉਹ ਦੇ ਵਿਖੇ ਅਸਾਂ ਬਹੁਤ ਕੁਝ ਆਖਣਾ ਹੈ,...ਜਿਹ ਦਾ ਅਰਥ ਕਰਨਾ ਔਖਾ ਹੈ, ਇਸ ਲਈ ਜੋ ਤੁਸੀਂ ਕੰਨਾ ਤੋਂ ਬੋਲੇ ਹੋ ਗਏ ਹੋ।*

*ਕਿਉਂ ਜੋ...ਚਿਰ ਹੋਣ ਕਰਕੇ ਤੁਹਾਨੂੰ ਉਪਦੇਸ਼ਕ ਹੋਣਾ ਚਾਹੀਦਾ ਸੀ ਪਰ ਤੁਹਾਨੂੰ ਲੋੜ ਹੈ ਭਈ ਕੋਈ ਤੁਹਾਨੂੰ ਫੇਰ ਸਿਖਾਵੇ ਜੋ ਗੱਲਾਂ ਪਰਮੇਸ਼ੁਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਹਨ; ਅਤੇ ਤੁਸੀਂ ਅਜੇਹੇ ਬਣ ਗਏ ਹੋ ਜੋ ਤੁਹਾਨੂੰ ਅੰਨ ਦੀ ਨਹੀਂ, ਸਗੋਂ ਦੁੱਧ ਦੀ ਲੋੜ ਪਈ ਹੋਈ ਹੈ।*

*ਕਿਉਂਕਿ ਹਰੇਕ ਜਿਹੜਾ ਦੁੱਧ ਹੀ ਵਰਤਦਾ ਹੈ ਉਹ ਧਰਮ ਦੇ ਬਚਨ ਤੋਂ ਅਣਜਾਣ ਹੈ: ਇਸ ਲਈ ਕਿ ਨਿਆਣਾ ਹੈ।*

ਔਹ, ਮੈਂ ਆਸ ਕਰਦਾ ਹਾਂ ਕਿ ਪਵਿੱਤਰ ਆਤਮਾ ਇਸ ਨੂੰ ਹੁਣ ਤੁਹਾਡੇ ਅੰਦਰ ਡੂੰਘਾਈ ਵਿੱਚ ਲੈ ਗਿਆ ਹੈ।

*ਕਿਉਂਕਿ ਉਹ ਜਿਹੜਾ—ਜਿਹੜਾ ਦੁੱਧ ਹੀ ਵਰਤਦਾ ਹੈ ਉਹ ਧਰਮ ਦੇ ਬਚਨ ਤੋਂ ਅਣਜਾਣ ਹੈ: ਇਸ ਲਈ ਕਿ ਉਹ ਇੱਕ ਨਿਆਣਾ ਹੈ।*

50 ਜੇ ਤੁਸੀਂ ਬੱਚੇ ਨੂੰ ਭਾਰਾ ਮਾਸ ਦਿਓ, ਤਾਂ ਤੁਸੀਂ ਉਸ ਨੂੰ ਮਾਰ ਦਿਓਗੇ। ਇਹੀ ਕਾਰਨ ਹੈ ਕਿ ਬਹੁਤ ਸਾਰੇ ਲੋਕ ਕਹਿੰਦੇ ਹਨ, "ਆਹ, ਮੈਂ—ਮੈਂ ਇਹ ਨਹੀਂ ਮੰਨਦਾ," ਅਤੇ ਦੂਰ ਚਲੇ ਜਾਂਦੇ ਹਨ। ਅਜੇ ਵੀ ਨਿਆਣੇ! ਉਹ ਬਸ ਸਮਝ ਨਹੀਂ ਸਕਦੇ। ਉਹ ਇਸ ਸੱਚ ਨੂੰ ਨਹੀਂ ਪਕੜ ਸਕਦੇ। ਇਹ—ਇਹ ਉਹਨਾਂ ਨੂੰ ਮਾਰਦਾ ਹੈ। ਮਹਾਨ, ਸ਼ਕਤੀਸ਼ਾਲੀ ਚੀਜ਼ਾਂ ਜੋ ਕਲੀਸਿਯਾ ਨੂੰ ਅੱਜ ਪਤਾ ਹੋਣੀਆਂ ਚਾਹੀਦੀਆਂ ਹਨ, ਪਰ ਤੁਸੀਂ ਇਹ ਨਹੀਂ ਸਿਖਾ ਸਕੇ। ਉਹ—ਉਹ—ਉਹ—ਉਹ—ਉਹ ਇਸ ਉੱਤੇ ਠੋਕਰ ਖਾਂਦੇ ਹਨ। ਉਹ ਨਹੀਂ ਜਾਣਦੇ ਕਿ ਇਸ ਨਾਲ ਕੀ ਕਰਨਾ ਹੈ।

51 ਪੌਲੁਸ, ਇਸ ਇਬਰਾਨੀ ਸਮੂਹ ਨਾਲ ਗੱਲ ਕਰਦੇ ਹੋਏ...ਫਿਰ ਵੀ, ਉਹ ਵਿਦਵਾਨ ਜਿਨ੍ਹਾਂ ਨਾਲ ਉਹ ਹੁਣ ਗੱਲ ਕਰ ਰਿਹਾ ਹੈ, ਵਿਦਵਾਨ, ਚੰਗੇ ਗਿਆਨੀ। ਅਸੀਂ ਇਹ ਪਾਉਂਦੇ ਹਾਂ, ਕੁਝ ਕੁ—ਕੁਝ ਕੁ ਪਲਾਂ ਵਿੱਚ, ਬਹੁਤ ਵਿਦਵਾਨ। ਪਰ ਡੂੰਘੇ ਆਤਮਿਕ ਭੇਤ, ਕਲੀਸਿਯਾ ਅਜੇ ਵੀ ਇਸ ਲਈ ਅੰਨ੍ਹੀ ਹੈ। ਉਸ ਨੇ ਕਿਹਾ, "ਜਦਕਿ ਤੁਹਾਨੂੰ ਦੂਜਿਆਂ ਨੂੰ ਸਿਖਾਉਣਾ ਚਾਹੀਦਾ ਹੈ, ਤੁਸੀਂ ਤਾਂ ਅਜੇ ਵੀ ਨਿਆਣੇ ਹੋ।"

52 ਔਹ, ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਉੱਠੇ ਹਨ ਅਤੇ ਬਾਹਰ ਜਾ ਕੇ ਕਹਿੰਦੇ ਹਨ, "ਔਹ, ਮੈਨੂੰ ਹੁਣ ਕਲੀਸਿਯਾ ਵਿਚ ਜਾਣ ਦੀ ਲੋੜ ਨਹੀਂ ਹੈ।

ਪਰਮੇਸ਼ੁਰ ਦੀ ਮਹਿਮਾ ਹੋਵੇ, ਪਵਿੱਤਰ ਆਤਮਾ ਆ ਗਿਆ ਹੈ, ਉਹ ਉਸਤਾਦ ਹੈ।" ਜਦੋਂ ਤੁਸੀਂ ਇਸ ਵਿਚਾਰ ਨੂੰ ਲੈਂਦੇ ਹੋ, ਤਾਂ ਤੁਸੀਂ ਗਲਤ ਹੋ। ਜੇ ਉਸ ਨੇ ਆਪ ਹੀ ਉਸਤਾਦ ਬਣਨਾ ਸੀ ਤਾਂ ਫਿਰ ਪਵਿੱਤਰ ਆਤਮਾ ਨੇ ਕਲੀਸਿਯਾ ਵਿਚ ਉਸਤਾਦਾਂ ਨੂੰ ਕਿਉਂ ਨਿਯੁਕਤ ਕੀਤਾ? ਸਮਝੇ? ਇੱਥੇ ਪਹਿਲੇ ਰਸੂਲ, ਨਬੀ, ਉਸਤਾਦ, ਪ੍ਰਚਾਰਕ ਅਤੇ ਪਾਸਬਾਨ ਹਨ। ਪਵਿੱਤਰ ਆਤਮਾ ਨੇ ਕਲੀਸਿਯਾ ਵਿੱਚ ਉਸਤਾਦਾਂ ਨੂੰ ਨਿਯੁਕਤ ਕੀਤਾ, ਤਾਂ ਜੋ ਉਹ ਉਸ ਉਸਤਾਦ ਦੁਆਰਾ ਸਿਖਾ ਸਕੇ। ਅਤੇ ਜੇਕਰ ਇਹ—ਇਹ ਵਚਨ ਦੇ ਅਨੁਸਾਰ ਨਹੀਂ ਹੈ, ਪਰਮੇਸ਼ੁਰ ਇਸਦੀ ਪੁਸ਼ਟੀ ਨਹੀਂ ਕਰਦਾ, ਫਿਰ ਇਹ ਸਹੀ ਕਿਸਮ ਦੀ ਸਿੱਖਿਆ ਨਹੀਂ ਹੈ। ਇਹ ਪੂਰੀ ਬਾਈਬਲ ਨਾਲ ਮੇਲ ਖਾਣੀ ਚਾਹੀਦੀ ਹੈ, ਅਤੇ ਅੱਜ ਵੀ ਓਨੀ ਹੀ ਜ਼ਿੰਦਾ ਹੋਣੀ ਚਾਹੀਦੀ ਹੈ ਜਿਵੇਂ ਕਿ ਇਹ ਉਦੋਂ ਸੀ। ਉੱਥੇ ਅਸਲੀ ਚੀਜ਼ ਪ੍ਰਗਟ ਹੁੰਦੀ ਹੈ।

53 ਹੁਣ ਧਿਆਨ ਦਿਓ।

*ਪਰ ਭਾਰਾ ਮਾਸ ਉਨ੍ਹਾਂ ਲਈ ਹੈ ਜੋ...ਸਿਆਣੇ ਹਨ, ਜਿਨ੍ਹਾਂ ਦੀਆਂ ਗਿਆਨ ਇੰਦਰੀਆਂ ਤਰਕ ਦੁਆਰਾ ਭਲੇ ਬੁਰੇ ਦੀ...ਜਾਚ ਕਰਨ ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ।*

ਜਾਣਦੇ ਹਨ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ, ਜਾਂਚਣ ਦੁਆਰਾ।

54 ਹੁਣ ਧਿਆਨ ਦਿਓ, ਹੁਣ ਸਾਡੇ ਪਾਠ ਤੋਂ ਸ਼ੁਰੂ ਕਰਦੇ ਹਾਂ। ਹੁਣ ਇਹ ਮਹਾਨ ਪਿਛੋਕੜ, ਆਓ ਪਹਿਲੀ ਆਇਤ ਲਈ ਚੱਲੀਏ।

*ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ,...*

ਉਹ ਕੀ ਕਹਿ ਰਿਹਾ ਹੈ? ਇਹ ਸਾਰੇ ਪਹਿਲੇ ਪੰਜ ਅਧਿਆਏ ਮਸੀਹ ਉੱਤੇ ਰੱਖੇ ਗਏ ਹਨ, ਇਹ ਦਿਖਾਉਣ ਲਈ ਕਿ ਉਹ ਕੌਣ ਹੈ। ਹੁਣ ਅਸੀਂ ਮਸੀਹ ਦੇ ਸਿਧਾਂਤਾਂ ਦੀਆਂ ਉਨ੍ਹਾਂ ਆਦ ਗੱਲਾਂ ਨੂੰ ਛੱਡ ਰਹੇ ਹਾਂ।

55 ਅਸੀਂ ਉਸਨੂੰ ਕਿਸ ਤਰ੍ਹਾਂ ਪਾਉਂਦੇ ਹਾਂ? ਅਸੀਂ ਉਸ ਨੂੰ ਮਹਾਨ ਯਹੋਵਾਹ ਪਰਮੇਸ਼ੁਰ ਨੂੰ ਦੇਹ ਵਿੱਚ ਪ੍ਰਗਟ ਹੁੰਦਾ ਵੇਖਦੇ ਹਾਂ। ਅਸੀਂ ਵੇਖਦੇ ਹਾਂ ਕਿ ਉਹ ਇੱਕ ਨਬੀ ਹੋਣ ਦੇ—ਦੇ ਲਈ ਨਹੀਂ ਸੀ, ਪਰ ਸਰੀਰਕ ਤੌਰ ਤੇ ਪਰਮੇਸ਼ੁਰ ਦੀ ਸੰਪੂਰਨਤਾ ਸੀ। ਉਹ ਦੇਹਧਾਰੀ ਯਹੋਵਾਹ ਸੀ। ਅਤੇ ਦੇਹ, ਯਿਸੂ ਨੇ, ਸਿਰਫ਼ ਉਸ ਨੂੰ ਡੇਰਾ ਦਿੱਤਾ ਸੀ। ਪਰਮੇਸ਼ੁਰ ਮਨੁੱਖ ਵਿੱਚ ਵਾਸ ਕਰ ਰਿਹਾ ਸੀ। ਪਰਮੇਸ਼ੁਰ ਮਨੁੱਖ ਨਾਲ ਮੇਲ ਕਰ ਰਿਹਾ ਸੀ, ਮਨੁੱਖ ਦੁਆਰਾ, ਉਸਦੇ ਆਪਣੇ ਪੁੱਤਰ ਦੇ ਕੁਆਰੀ ਤੋਂ ਜਨਮ ਦੁਆਰਾ। ਅਤੇ ਯਹੋਵਾਹ, ਆਤਮਾ, ਉਸ ਵਿੱਚ ਵੱਸਿਆ।

56 ਹੁਣ, ਕਿੰਨਿਆਂ ਨੂੰ ਪਰਮੇਸ਼ੁਰਤਾਈ ਬਾਰੇ ਸਿੱਖਿਆ ਚੇਤੇ ਹੈ, ਅਸੀਂ ਕਿਵੇਂ ਪਿਛਾਂਹ ਗਏ ਅਤੇ ਪਰਮੇਸ਼ੁਰ ਨੂੰ ਮਹਾਨ ਸਤਰੰਗੀ ਪੀਂਘ ਦੀ ਤਰ੍ਹਾਂ ਸਾਰੇ ਵੱਖੋ-ਵੱਖਰੇ ਆਤਮਾ ਨਾਲ ਪਾਇਆ, ਇਹ ਕਿਵੇਂ ਸੀ? ਅਤੇ ਫਿਰ ਲੋਗੋਸ ਪਰਮੇਸ਼ੁਰ ਤੋਂ ਬਾਹਰ ਨਿਕਲ ਗਿਆ, ਜੋ ਕਿ ਥੀਓਫਨੀ ਬਣ ਗਿਆ, ਅਤੇ ਇਹ ਇੱਕ ਮਨੁੱਖ ਦੇ ਸਰੂਪ ਵਿੱਚ ਸੀ। ਅਤੇ ਮੂਸਾ ਨੇ ਇਸ ਨੂੰ ਕੋਲੋਂ ਲੰਘਦੇ ਹੋਏ ਵੇਖਿਆ, ਚੱਟਾਨ ਦੀ ਦਰਾੜ ਵਿੱਚ। ਅਤੇ ਫਿਰ ਉਹ ਥੀਓਫਨੀ ਨੂੰ ਬਿਲਕੁਲ ਮਨੁੱਖੀ ਦੇਹ ਬਣਾ ਦਿੱਤਾ ਗਿਆ, ਮਸੀਹ।

ਅਤੇ ਸਾਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਸਾਡੇ ਕੋਲ, ਉਸਦੀ ਕਿਰਪਾ ਦੁਆਰਾ, ਸਦੀਪਕ ਜੀਵਨ ਹੈ। ਹੁਣ, *ਹਮੇਸ਼ਾ* ਸ਼ਬਦ ਹੈ "ਇੱਕ ਦੂਰੀ ਲਈ; ਸਮੇਂ ਦੇ ਇੱਕ ਕਾਲ ਲਈ।" ਇਸ ਨੇ ਕਿਹਾ, ਬਾਈਬਲ ਵਿਚ, "ਹਮੇਸ਼ਾ *ਅਤੇ* ਹਮੇਸ਼ਾ ਲਈ," ਇੱਕ ਸੰਗਮ। ਪਰ *ਹਮੇਸ਼ਾ* ਲਈ ਦਾ ਅਰਥ ਹੈ "ਇੱਕ ਸਮਾਂ।" ਪਰ ਸਦੀਪਕ ਦਾ ਅਰਥ ਸਦਾ ਲਈ ਹੈ। ਅਤੇ ਹਰੇਕ ਚੀਜ਼ ਜਿਸ ਦੀ ਸ਼ੁਰੂਆਤ ਸੀ ਉਸ ਦਾ ਅੰਤ ਹੈ, ਪਰ ਜਿਨ੍ਹਾਂ ਚੀਜ਼ਾਂ ਦੀ ਕੋਈ ਸ਼ੁਰੂਆਤ ਨਹੀਂ ਸੀ ਉਨ੍ਹਾਂ ਦਾ ਕੋਈ ਅੰਤ ਨਹੀਂ ਹੈ। ਇਸ ਲਈ ਪਰਮੇਸ਼ੁਰ ਦੀ ਕੋਈ ਸ਼ੁਰੂਆਤ ਨਹੀਂ ਸੀ ਅਤੇ ਉਸਦਾ ਕੋਈ ਅੰਤ ਨਹੀਂ ਹੈ।

57 ਅਤੇ ਇਸ ਲਈ, ਇਸ ਲਈ, ਮਲਕਿਸਿਦਕ, ਮਹਾਨ ਜਾਜਕ, ਇੱਕ ਮਨੁੱਖ ਵਾਂਗ, ਉਸਦੀ ਕੋਈ ਸ਼ੁਰੂਆਤ ਨਹੀਂ ਸੀ ਅਤੇ ਉਸਦਾ ਕੋਈ ਅੰਤ ਨਹੀਂ ਹੈ। ਅਤੇ ਜਦੋਂ ਅਸੀਂ, ਉਸ ਥੀਓਫਨੀ ਦੁਆਰਾ, ਜੋ ਕਿ, ਅਸੀਂ ਸੰਸਾਰ ਦੇ ਬਣਨ ਤੋਂ ਪਹਿਲਾਂ ਪਰਮੇਸ਼ੁਰ ਦੇ ਸਰੂਪ ਵਿੱਚ ਬਣਾਏ ਗਏ ਸੀ; ਜਦੋਂ ਉਹ ਥੀਓਫਨੀ ਦੇਹ ਬਣ ਗਈ ਅਤੇ ਸਾਡੇ ਵਿਚਕਾਰ ਵਾਸ ਕੀਤਾ, ਫਿਰ, ਉਸਦੀ ਮੌਤ ਦੁਆਰਾ, ਅਸੀਂ ਖੁਦ ਉਸਦੀ ਆਤਮਾ ਪ੍ਰਾਪਤ ਕਰਦੇ ਹਾਂ ਅਤੇ ਸਾਡਾ ਕੋਈ ਅੰਤ ਨਹੀਂ ਹੈ; ਸਦੀਪਕ ਜੀਵਨ; ਦੂਤ ਨਹੀਂ, ਪਰ ਆਦਮੀ ਅਤੇ ਔਰਤਾਂ। ਔਹ, ਮੈਂ...ਕਿਸੇ ਤਰ੍ਹਾਂ, ਜੇ ਮੈਂ ਇਸ ਨੂੰ ਕੇਵਲ ਇਸ ਤਰੀਕੇ ਨਾਲ ਲਵਾਂ ਕਿ ਮੈਨੂੰ—ਮੈਨੂੰ ਸੁਣਨ ਵਾਲੇ ਇਸ ਨੂੰ ਸਮਝ ਜਾਣ! ਤੁਸੀਂ ਕਦੇ ਵੀ ਦੂਤ ਨਹੀਂ ਬਣੋਗੇ। ਪਰਮੇਸ਼ੁਰ ਨੇ ਦੂਤ ਬਣਾਏ, ਪਰ ਪਰਮੇਸ਼ੁਰ ਨੇ ਮਨੁੱਖ ਨੂੰ ਬਣਾਇਆ। ਅਤੇ ਜੋ ਕੁਝ ਪਰਮੇਸ਼ੁਰ ਕਰਦਾ ਹੈ ਉਹ ਪਰਮੇਸ਼ੁਰ ਤੋਂ ਹੈ, ਜੋ ਪਰਮੇਸ਼ੁਰ ਵਾਂਗ ਸਦੀਪਕ ਹੈ। ਅਤੇ ਮਨੁੱਖ ਆਪਣੇ ਸਿਰਜਣਹਾਰ ਵਾਂਗ ਹੀ ਸਦੀਪਕ ਹੈ, ਕਿਉਂਕਿ ਉਹ ਸਦੀਪਕਤਾ ਤੋਂ ਬਣਾਇਆ ਗਿਆ ਸੀ।

58 ਪਰ ਪਾਪ ਦਾ ਅੰਤ ਹੈ, ਦੁੱਖ ਦਾ ਅੰਤ ਹੈ। ਇਸ ਲਈ, ਇੱਕ ਸਦੀਪਕ ਨਰਕ ਨਹੀਂ ਹੋ ਸਕਦਾ। ਇੱਥੇ ਇੱਕ ਨਰਕ, ਅੱਗ ਅਤੇ ਗੰਧਕ ਹੈ, ਅਸੀਂ ਇਹ ਜਾਣਦੇ ਹਾਂ, ਪਰ ਕੋਈ ਸਦੀਪਕ ਨਰਕ ਨਹੀਂ ਹੈ। ਸਦੀਪਕ ਜੀਵਨ ਦੀ

ਕੇਵਲ ਇੱਕ ਕਿਸਮ ਹੈ ਅਤੇ ਉਹ ਪਰਮੇਸ਼ੁਰ ਨਾਲ ਸਬੰਧਤ ਹੈ। ਜੇ ਤੁਸੀਂ ਸਦਾ ਲਈ ਦੁੱਖ ਝੱਲਣਾ ਹੈ, ਤਾਂ ਤੁਹਾਨੂੰ ਸਦੀਪਕ ਜੀਵਨ ਮਿਲ ਗਿਆ। ਨਰਕ ਦਾ ਅੰਤ ਹੈ, ਇਹ ਅਰਬਾਂ ਸਾਲ ਹੋ ਸਕਦਾ ਹੈ, ਪਰ ਇਹ ਅੰਤ ਵਿੱਚ ਸਮਾਪਤ ਹੋ ਜਾਵੇਗਾ।

59 ਬਾਈਬਲ ਕਿਤੇ ਵੀ ਇਹ ਨਹੀਂ ਕਹਿੰਦੀ, ਕਿ ਉਹਨਾਂ ਨੇ ਹਮੇਸ਼ਾ ਲਈ ਦੁੱਖ ਝੱਲੇ, ਕਿਹਾ, "ਹਮੇਸ਼ਾ ਅਤੇ ਹਮੇਸ਼ਾ ਲਈ।" ਯੂਨਾਹ ਨੇ ਵੀ ਸੋਚਿਆ ਕਿ ਉਹ "ਹਮੇਸ਼ਾ ਲਈ," ਮੱਛੀ ਦੇ ਢਿੱਡ ਵਿੱਚ ਸੀ। *ਹਮੇਸ਼ਾ* ਲਈ ਇੱਕ ਦੂਰੀ ਜਾਂ ਸਮਾਂ ਸੀਮਾ ਹੁੰਦੀ ਹੈ। ਪਰ *ਸਦੀਪਕ* ਅਨੰਤ ਹੈ, ਇਸਦਾ ਕੋਈ ਆਰੰਭ ਜਾਂ ਅੰਤ ਨਹੀਂ ਹੈ। ਇਹ ਇੱਕ ਚੱਕਰ, ਇੱਕ ਗੋਲੇ ਵਰਗਾ ਹੈ। ਅਤੇ ਜਿਵੇਂ ਸਾਡਾ ਸਮਾਂ ਅੱਗੇ ਵਧਦਾ ਹੈ, ਅਸੀਂ ਕੇਵਲ ਪਰਮੇਸ਼ੁਰ ਦੇ ਮਹਾਨ ਉਦੇਸ਼ਾਂ ਦੇ ਦੁਆਲੇ ਘੁੰਮ ਰਹੇ ਹਾਂ।

60 ਪਰਮੇਸ਼ੁਰ ਦਾ ਮਨੋਰਥ ਮਨੁੱਖ ਨੂੰ ਉਸਦੇ ਸਰੂਪ ਵਿੱਚ ਬਣਾਉਣਾ, ਉਸਦੇ ਨਾਲ ਸੰਗਤ ਕਰਨਾ ਸੀ। ਅਤੇ ਉਸਨੇ ਉਸਨੂੰ ਇੱਕ ਭੌਤਿਕ ਜੀਵ ਬਣਾਇਆ। ਹੁਣ, ਪਾਪ ਸਾਨੂੰ ਇੱਕ ਭ੍ਰਿਸ਼ਟਤਾ ਦੀ ਜਗ੍ਹਾ ਵਿੱਚ—ਵਿੱਚ—ਵਿੱਚ ਲੈ ਆਇਆ, ਪਰ ਇਹ ਪਰਮੇਸ਼ੁਰ ਦੇ ਪ੍ਰੋਗਰਾਮ ਨੂੰ ਕਦੇ ਨਹੀਂ ਰੋਕਦਾ। ਅਤੇ, ਪਾਪੀ ਦੋਸਤ, ਅੱਜ, ਜੇਕਰ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਦੁਬਾਰਾ ਜਨਮ ਨਹੀਂ ਲੈਂਦੇ ਹੋ, ਤਾਂ ਤੁਹਾਡਾ ਕਿਤੇ ਨਾ ਕਿਤੇ ਅੰਤ ਹੈ। ਅਤੇ ਤੁਹਾਡਾ ਅੰਤ ਅਫਰਾਤਫਰੀ, ਬਰਬਾਦੀ, ਅਤੇ ਦੁੱਖ ਅਤੇ ਸੋਗ ਵਿੱਚ ਹੈ। ਪਰ ਤੁਹਾਡੇ ਲਈ ਜਿਨ੍ਹਾਂ ਨੇ ਪ੍ਰਭੂ ਯਿਸੂ ਉੱਤੇ ਵਿਸ਼ਵਾਸ ਕੀਤਾ ਹੈ, ਅਤੇ ਉਸੇ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ ਹੈ, ਇਹ ਓਨਾ ਹੀ ਸਦੀਪਕ ਹੈ ਜਿੰਨਾ ਪਰਮੇਸ਼ੁਰ ਸਦੀਪਕ ਹੈ। ਤੁਹਾਡਾ ਕੋਈ ਅੰਤ ਨਹੀਂ, "ਮੈਂ ਉਨ੍ਹਾਂ ਨੂੰ ਸਦੀਪਕ *ਜ਼ੋ* ਦਿੰਦਾ ਹਾਂ, ਪਰਮੇਸ਼ੁਰ ਦਾ ਆਪਣਾ ਜੀਵਨ, ਅਤੇ ਉਹ ਕਦੇ ਵੀ ਨਾਸ਼ ਨਹੀਂ ਹੋਣਗੇ ਜਾਂ ਨਿਆਂ ਵਿੱਚ ਵੀ ਨਹੀਂ ਆਉਣਗੇ, ਪਰ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਗਏ ਹਨ।" ਇਹੀ ਉਹ ਸੀ। ਇਸੇ ਲਈ ਉਹ ਆਇਆ ਹੈ।

61 ਹੁਣ, ਯਿਸੂ, ਉਸਦੀ ਜਾਜਕਾਈ ਦੇ, ਆਉਣ ਵੇਲੇ, ਕੇਵਲ ਹਮਦਰਦੀ ਲਈ ਨਹੀਂ ਆਇਆ ਸੀ। ਬਹੁਤ ਸਾਰੇ ਲੋਕ ਇਸ ਤਰ੍ਹਾਂ ਸਿਖਾਉਂਦੇ ਹਨ, ਕਿ ਉਹ ਆਇਆ, ਕਹਿੰਦਾ ਹੋਇਆ, "ਅੱਛਾ, ਜੇ ਮੈਂ ਦੁੱਖ ਸਹਾਂਗਾ, ਤਾਂ ਮੈਂ ਇੱਕ—ਇੱਕ—ਇੱਕ ਤਰਸਯੋਗ ਦ੍ਰਿਸ਼ ਬਣਾਂਗਾ ਅਤੇ ਲੋਕ ਮੇਰੇ ਕੋਲ ਜ਼ਰੂਰ ਆਉਣਗੇ।" ਇਹ ਇੱਕ ਗਲਤੀ ਹੈ। ਇਸਦੇ ਲਈ ਕੋਈ ਵਚਨ ਨਹੀਂ ਹੈ।

ਕਿਉਂਕਿ, ਹਰ ਉਹ ਵਿਅਕਤੀ ਜੋ ਕਦੇ ਬਚਾਇਆ ਜਾਵੇਗਾ, ਪਰਮੇਸ਼ੁਰ ਉਨ੍ਹਾਂ ਨੂੰ ਜਗਤ ਦੇ ਬਣਨ ਤੋਂ ਪਹਿਲਾਂ ਹੀ ਜਾਣਦਾ ਸੀ। ਬਾਈਬਲ ਨੇ ਇਸ

ਤਰ੍ਹਾਂ ਕਿਹਾ ਹੈ। ਪਰਮੇਸ਼ੁਰ ਨਹੀਂ ਚਾਹੁੰਦਾ, ਹੁਣ, ਕਿ ਕੋਈ ਵੀ ਨਾਸ ਹੋ ਜਾਵੇ। ਉਹ ਚਾਹੁੰਦਾ ਹੈ ਕਿ ਉਹ ਸਾਰੇ ਤੋਬਾ ਕਰਨ। ਪਰ, ਪਰਮੇਸ਼ੁਰ ਹੋਣ ਕਰਕੇ, ਪੂਰਵਗਿਆਨ ਦੁਆਰਾ ਉਹ ਇਸ ਨੂੰ ਜਾਣਦਾ ਸੀ।

62 ਰੋਮੀਆਂ ਵਿਚ ਦੇਖੋ, 8ਵਾਂ ਅਧਿਆਇ। ਉੱਥੇ ਪੌਲੁਸ ਖੜਾ ਸੀ, ਪਰਮੇਸ਼ੁਰ ਦੀ ਚੋਣ ਬਾਰੇ ਦੱਸ ਰਿਹਾ ਸੀ, ਕਿ, "ਏਸਾਓ ਅਤੇ ਯਾਕੂਬ, ਦੋਵਾਂ ਵਿੱਚੋਂ ਕਿਸੇ ਵੀ ਬਾਲਕ ਦੇ ਜਨਮ ਤੋਂ ਪਹਿਲਾਂ, ਜਾਂ ਕੁਝ ਵੀ, ਪਰਮੇਸ਼ੁਰ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਜਾਣਦਾ ਸੀ ਅਤੇ ਉਹ ਏਸਾਓ ਨੂੰ ਨਫ਼ਰਤ ਕਰਦਾ ਸੀ ਅਤੇ ਯਾਕੂਬ ਨੂੰ ਪਿਆਰ ਕਰਦਾ ਸੀ," ਇਸ ਤੋਂ ਪਹਿਲਾਂ ਕਿ ਉਨ੍ਹਾਂ ਵਿੱਚੋਂ ਕਿਸੇ ਵੀ ਲੜਕੇ ਨੂੰ ਇੱਕ—ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਨ ਦਾ ਮੌਕਾ ਮਿਲਦਾ, ਕਿਉਂਕਿ ਉਹ ਪਰਮੇਸ਼ੁਰ ਸੀ। ਉਹ ਜਾਣਦਾ ਹੈ...ਉਹ ਬੇਅੰਤ ਹੈ। ਜੇਕਰ ਉਹ ਬੇਅੰਤ ਹੈ, ਤਾਂ ਉਹ ਹਰ ਪਿੱਸੂ ਬਾਰੇ ਜਾਣਦਾ ਸੀ, ਹਰ ਮੱਖੀ, ਹਰ ਮਛਰ, ਹਰ ਚੀਜ਼ ਜੋ ਕਦੇ ਧਰਤੀ ਤੇ ਹੋਣ ਵਾਲੀ ਸੀ, ਉਹ ਇਸ ਨੂੰ ਜਾਣਦਾ ਸੀ। ਉਹ ਬੇਅੰਤ, ਸਦੀਪਕ, ਅਮਰ, ਮੁਬਾਰਕ ਪਰਮੇਸ਼ੁਰ, ਸਰਵ ਸ਼ਕਤੀਮਾਨ, ਸਰਵ ਵਿਆਪਕ, ਸਰਬਗਿਆਤਾ ਹੈ। ਅਜਿਹਾ ਕੁਝ ਵੀ ਨਹੀਂ ਹੈ ਜੋ ਉਹ ਨਹੀਂ ਜਾਣਦਾ। ਇਹੀ ਕਾਰਨ ਹੈ ਕਿ ਉਹ ਦੱਸ ਸਕਦਾ ਹੈ ਕਿ ਅੰਤ ਕੀ ਹੋਵੇਗਾ। ਉਹ ਸ਼ੁਰੂ ਤੋਂ ਅੰਤ ਨੂੰ ਜਾਣਦਾ ਸੀ।

63 ਭਵਿੱਖਬਾਣੀ ਕੀ ਹੈ ਸਿਰਫ਼ ਉਸਦਾ ਗਿਆਨ। ਉਹ ਮੁੱਖ ਵਕੀਲ ਹੈ। ਉਹ—ਉਹ ਹੈ—ਉਹ ਜੱਜ ਹੈ। ਅਤੇ ਉਹ ਬਸ ਵਕੀਲ ਨੂੰ ਉਸ ਦੀ ਸਿਆਣਪ ਵਿੱਚੋਂ ਕੁਝ ਦੱਸਦਾ ਹੈ। ਅਤੇ ਇਹ ਉਹ ਹੈ ਜੋ ਭਵਿੱਖਬਾਣੀ ਹੈ, ਜੋ ਇਸਦੀ ਭਵਿੱਖਬਾਣੀ ਕਰ ਸਕਦੀ ਹੈ, ਕਿਉਂਕਿ ਉਹ ਜਾਣਦਾ ਹੈ ਕਿ ਕੀ ਹੋਣ ਵਾਲਾ ਹੈ। ਹੁਣ, ਉਹ ਪਰਮੇਸ਼ੁਰ ਹੈ ਜਿਸਦੀ ਅਸੀਂ ਸੇਵਾ ਕਰਦੇ ਹਾਂ। ਇਤਿਹਾਸ ਦਾ ਪਰਮੇਸ਼ੁਰ ਨਹੀਂ, ਬੋਧੀਆਂ ਅਤੇ ਮੁਸਲਮਾਨਾਂ, ਅਤੇ ਹੋਰਾਂ ਵਾਂਗ ਨਹੀਂ। ਪਰ, ਇੱਕ ਪਰਮੇਸ਼ੁਰ ਜੋ ਸਰਵ ਵਿਆਪਕ ਹੈ, ਹੁਣੇ ਇੱਥੇ ਹੈ, ਅੱਜ ਸਵੇਰੇ, ਇਸ ਸਮੇਂ ਇਸ ਡੇਰੇ ਵਿੱਚ; ਮਹਾਨ ਯਹੋਵਾਹ, **ਮੈਂ ਹਾਂ**, ਜਿਸ ਨੇ ਆਪਣੇ ਆਪ ਨੂੰ ਨਿਮਰਤਾ ਵਿੱਚ ਬਣਾਇਆ, ਪਾਪੀ ਸਰੀਰ ਦਾ ਰੂਪ ਧਾਰਨ ਕਰਨ ਲਈ। ਇੱਥੇ ਉਹ ਹੈ। ਉਹ ਉਹੀ ਹੈ ਜਿਸ ਨੇ ਤੁਹਾਨੂੰ ਛੁਡਾਇਆ ਹੈ। ਕੋਈ ਹੋਰ ਨਹੀਂ, ਕਿਤੇ ਨਹੀਂ, ਕਿਸੇ ਵੇਲੇ ਇਹ ਨਹੀਂ ਕਰ ਸਕਦਾ।

64 ਪਰਮੇਸ਼ੁਰ ਕੋਲ ਉੱਥੇ ਤਿੰਨ ਲੋਕ ਨਹੀਂ ਸਨ, ਜਿਨਾਂ ਵਿੱਚੋਂ ਇੱਕ ਨੂੰ ਉਸਨੇ ਭੇਜਿਆ, ਉਸਦਾ ਪੁੱਤਰ। ਇਹ ਪਰਮੇਸ਼ੁਰ ਸੀ, ਆਪ ਹੀ ਪੁੱਤਰ ਦੇ ਰੂਪ ਵਿੱਚ ਆਇਆ। ਇੱਕ ਪੁੱਤਰ ਦੀ ਸ਼ੁਰੂਆਤ ਹੁੰਦੀ ਹੈ, ਅਤੇ ਪੁੱਤਰ ਦੀ ਇੱਕ ਸ਼ੁਰੂਆਤ ਸੀ। ਕਿ, ਤੁਹਾਡੇ ਵਿੱਚੋਂ ਕੁਝ ਪਿਆਰੇ ਕੈਥੋਲਿਕ ਲੋਕ, ਮੈਨੂੰ ਤੁਹਾਡੀ

ਕਿਤਾਬ ਮਿਲੀ, *ਸਾਡੇ ਵਿਸ਼ਵਾਸ ਦੇ ਤੱਥ*, ਕਿਹਾ, "ਪਰਮੇਸ਼ੁਰ ਦਾ ਸਦੀਪਕ ਪੁੱਤਰ ਦਾ ਸਥਾਨ।" ਤੁਸੀਂ ਉਸ ਸ਼ਬਦ ਨੂੰ ਕਿਵੇਂ ਪ੍ਰਗਟ ਕਰੋਗੇ? ਤੁਸੀਂ ਇਸਤੋਂ ਕੀ ਅਰਥ ਕੱਢੋਗੇ? ਇਹ ਸਦੀਪਕ ਕਿਵੇਂ ਹੋ ਸਕਦਾ ਹੈ? ਇਹ ਬਾਈਬਲ ਨਹੀਂ ਹੈ। ਇਹ ਤੁਹਾਡੀ ਕਿਤਾਬ ਹੈ, "ਸਦੀਪਕ ਪੁੱਤਰ ਦਾ ਸਥਾਨ।" ਉਹ ਨਹੀਂ ਕਰਦੇ…ਇਹ ਸ਼ਬਦ ਠੀਕ ਨਹੀਂ ਹੈ। ਕਿਉਂਕਿ, ਕੋਈ ਵੀ ਚੀਜ਼ ਜੋ ਪੁੱਤਰ ਹੈ ਉਸਦੀ ਸ਼ੁਰੂਆਤ ਹੁੰਦੀ ਹੈ, ਅਤੇ ਸਦੀਪਕ ਦੀ ਕੋਈ ਸ਼ੁਰੂਆਤ ਨਹੀਂ ਹੁੰਦੀ, ਇਸ ਲਈ ਇਹ ਸਦੀਪਕ ਪੁੱਤਰ ਨਹੀਂ ਹੈ। ਮਸੀਹ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵੱਸਿਆ। ਉਸ ਦੀ ਇੱਕ ਸ਼ੁਰੂਆਤ ਸੀ। ਕੋਈ ਸਦੀਪਕ ਪੁੱਤਰ ਨਹੀਂ ਸੀ। ਇਹ ਸਦੀਪਕ ਪਰਮੇਸ਼ੁਰਤਾਈ ਹੈ, ਪੁੱਤਰਤੱਵ ਨਹੀਂ। ਹੁਣ, ਉਹ ਸਾਨੂੰ ਛੁਡਾਉਣ ਲਈ ਆਇਆ ਸੀ, ਅਤੇ ਉਸਨੇ ਸਾਨੂੰ ਛੁਡਾਇਆ ਸੀ।

65 ਹੁਣ, ਪੌਲੁਸ, ਉੱਥੇ ਜਾ ਰਿਹਾ ਹਾਂ, ਜਿਸ ਬਾਰੇ ਮੈਨੂੰ ਯਕੀਨ ਹੈ ਕਿ ਪਿਛਲੇ ਪਾਠਾਂ ਦੁਆਰਾ ਤੁਸੀਂ ਇਸਨੂੰ ਸਮਝ ਲਿਆ ਹੈ। ਅਸੀਂ ਇਸ ਤੇ ਦੁਬਾਰਾ ਜਾਵਾਂਗੇ, ਕਿਸੇ ਸਮੇਂ, ਜੇ ਪ੍ਰਭੂ ਦੀ ਇੱਛਾ ਹੋਈ, ਬਸ ਆਇਤ ਦਰ ਆਇਤ। ਹੁਣ।

> *ਇਸ ਕਾਰਨ ਅਸੀਂ…ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, ਸੰਪੂਰਨਤਾ ਦੀ ਵੱਲ ਅਗਾਹਾਂ ਵਧਦੇ ਜਾਈਏ;…*

66 ਇਹ ਉਹਨਾਂ ਨੂੰ ਠੋਕਰ ਮਾਰਦਾ ਹੈ, ਹੈ ਨਾ? ਆਓ ਅਸੀਂ ਕੀ ਕਰੀਏ?

> *…ਆਓ ਸੰਪੂਰਨਤਾ ਵੱਲ ਚੱਲੀਏ; ਨੀਂਹ ਮੁੜ ਕੇ ਨਾ ਧਰੀਏ…*

67 ਇਸ ਨੂੰ ਦੇਖੋ। ਆਓ ਇਸ ਸ਼ਬਦ ਲਈਏ "ਸੰਪੂਰਨਤਾ"। ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਕੋਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਖੜ੍ਹੇ ਹੋਣ ਦਾ ਇੱਕੋ ਇੱਕ ਤਰੀਕਾ ਹੈ? ਇਹ ਹੈ, ਸਿੱਧ। ਪਰਮੇਸ਼ੁਰ ਭ੍ਰਿਸ਼ਟ ਚੀਜ਼ਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

68 ਅਤੇ ਤੁਸੀਂ ਕਾਨੂੰਨਵਾਦੀ: ਤੁਸੀਂ ਆਪਣੇ ਆਪ ਨੂੰ ਕਿਵੇਂ ਸੰਪੂਰਨ ਕਰ ਸਕਦੇ ਹੋ, ਜਦੋਂ ਤੁਹਾਡੇ ਕੋਲ ਆਪਣੇ ਆਪ ਨੂੰ ਸੰਪੂਰਨ ਕਰਨ ਲਈ ਕੋਈ ਚੀਜ਼ ਨਹੀਂ ਹੈ? ਤੁਸੀਂ ਪਾਪ ਵਿੱਚ ਪੈਦਾ ਹੋਏ ਸੀ। ਤੁਹਾਡੀ ਧਾਰਨਾ ਪਾਪ ਵਿੱਚ ਸੀ। ਤੁਹਾਡੇ ਇੱਥੇ ਹੋਣ ਦੀ ਇੱਛਾ ਹੀ ਪਾਪ ਸੀ। "ਪਾਪ ਵਿੱਚ ਜਨਮਿਆ, ਅਧਰਮ ਵਿੱਚ ਘੜਿਆ ਗਿਆ, ਝੂਠ ਬੋਲਦਾ ਹੋਇਆ ਸੰਸਾਰ ਵਿੱਚ ਆਇਆ।" ਹੁਣ ਤੁਸੀਂ ਕਿੱਥੇ ਖੜੇ ਹੋਣ ਜਾ ਰਹੇ ਹੋ?

69 ਤੁਸੀਂ ਕਿੱਥੇ ਹੋ, ਪਾਪੀ, ਜਿਸਨੇ—ਜਿਸਨੇ ਕਿਹਾ, "ਮੈਂ ਸਿਗਰਟ ਪੀਣੀ ਛੱਡ ਦਿਆਂਗਾ। ਮੈਂ ਸਵਰਗ ਵਿੱਚ ਜਾਵਾਂਗਾ"? ਤੂੰ ਕਿੱਥੇ ਹੈਂ, ਸ਼ੀਲ ਗਰਮ, ਰੂੜ੍ਹੀਵਾਦੀ, ਅਖੌਤੀ ਮਸੀਹੀ, ਜੋ ਲੰਬੇ ਮੂੰਹ ਨਾਲ ਇਧਰ ਉਧਰ ਘੁੰਮਦਾ ਹੈ

ਅਤੇ ਕਹਿੰਦਾ ਹੈ, ਕਿ, "ਅੱਛਾ, ਮੈਂ ਕਲਿਸਿਯਾ ਨਾਲ ਸਬੰਧਤ ਹਾਂ"? ਤੁਸੀਂ ਪਾਪੀ ਹੋ। ਇਹ ਠੀਕ ਹੈ। ਜਦੋਂ ਤੱਕ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਜਨਮ ਨਹੀਂ ਲੈਂਦੇ, ਤੁਸੀਂ ਗੁਆਚੇ ਹੋਏ ਹੋ। ਇਹ ਸੱਚ ਹੈ।

70 ਤੁਸੀਂ ਸਵਰਗ ਵਿੱਚ ਕਿਵੇਂ ਜਾ ਰਹੇ ਹੋ? ਤੁਸੀ ਕਹਿੰਦੇ ਹੋ, "ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਝੂਠ ਨਹੀਂ ਬੋਲਿਆ।" "ਔਹ, ਪਿਆਰੇ। ਇਹ—ਇਹ ਸਿਰਫ਼ ਇੱਕ ਦੂਤ ਸੀ, ਸ਼ੁਰੂਆਤ ਤੋਂ।" ਇਹ ਇੱਕ ਝੂਠ ਹੈ। ਮੈਨੂੰ ਪਰਵਾਹ ਨਹੀਂ ਕਿ ਤੁਸੀਂ ਕਿੰਨੇ ਚੰਗੇ ਹੋ; ਤੁਸੀਂ ਇੱਕ ਪਾਪੀ ਹੋ। ਅਤੇ ਤੁਹਾਡੇ ਕੋਲ ਇੱਕ ਚੀਜ਼ ਨਹੀਂ ਹੈ; ਇੱਥੇ ਕੋਈ ਜਾਜਕ ਨਹੀਂ, ਕੋਈ ਬਿਸ਼ਪ ਨਹੀਂ, ਕੋਈ ਕਾਰਡੀਨਲ ਨਹੀਂ, ਕੋਈ ਪੋਪ ਨਹੀਂ, ਨਾ ਹੀ ਕੋਈ ਹੋਰ ਜੋ ਤੁਹਾਨੂੰ ਬਚਾ ਸਕਦਾ ਹੈ, ਕਿਉਂਕਿ ਉਹ ਵੀ ਉਸੇ ਕਿਸ਼ਤੀ ਹੈ ਜਿਸ ਵਿੱਚ ਤੁਸੀਂ ਹੋ। ਅਸੀਂ ਕੁਝ ਮਿੰਟਾਂ ਵਿੱਚ ਇਸ ਵਿੱਚ ਜਾ ਰਹੇ ਹਾਂ। ਬਸ ਉਸੇ ਸ਼ਕਲ ਵਿੱਚ। ਉਹ ਸੀ...ਰੋਮ ਦੇ ਪੋਪ ਦਾ ਜਨਮ ਪਾਪ ਵਿੱਚ ਹੋਇਆ ਸੀ, ਅਧਰਮ ਵਿੱਚ ਘੜਿਆ ਗਿਆ, ਝੂਠ ਬੋਲਦਾ ਹੋਇਆ ਸੰਸਾਰ ਵਿੱਚ ਆਇਆ, ਇੱਕ ਆਦਮੀ ਅਤੇ ਇੱਕ ਔਰਤ ਦੀ ਜਿਨਸੀ ਇੱਛਾ ਦੁਆਰਾ ਪੈਦਾ ਹੋਇਆ। ਤੁਸੀਂ ਇਸ ਵਿੱਚੋਂ ਧਰਮੀ ਕਿਵੇਂ ਪ੍ਰਾਪਤ ਕਰੋਗੇ?

71 "ਖੈਰ, ਉਸਦੇ ਪਿਤਾ ਅਤੇ ਮਾਂ ਇਸੇ ਤਰ੍ਹਾਂ ਪੈਦਾ ਹੋਏ ਸਨ, ਅਤੇ ਉਹ ਉਸੇ ਤਰ੍ਹਾਂ ਪੈਦਾ ਹੋਏ ਸਨ, ਅਤੇ ਉਸਦੀ ਦਾਦੀ ਅਤੇ ਦਾਦਾ ਜੀ ਅਤੇ ਉਸ ਤੋਂ ਪਿੱਛੇ ਵੀ।" ਇਹ ਪਾਪ ਹੈ, ਸ਼ੁਰੂਆਤ ਤੋਂ ਹੀ!

72 ਇਸ ਲਈ ਕੌਣ ਕਹਿ ਸਕਦਾ ਹੈ ਕਿ *ਇਹ* ਪਵਿੱਤਰ ਹੈ ਅਤੇ *ਉਹ* ਪਵਿੱਤਰ ਹੈ? ਇੱਥੇ ਸਿਰਫ਼ ਇੱਕ ਚੀਜ਼ ਪਵਿੱਤਰ ਹੈ, ਉਹ ਹੈ ਯਿਸੂ ਮਸੀਹ, ਜਿਉਂਦੇ ਪਰਮੇਸ਼ੁਰ ਦਾ ਪੁੱਤਰ, ਜਿਸ ਨੂੰ ਸੰਪੂਰਨ ਬਣਾਇਆ ਗਿਆ ਹੈ। ਅਤੇ ਸਾਡੀ ਲੋੜ ਸੰਪੂਰਣ ਹੋਣਾ ਹੈ। ਹੁਣ, ਅਸੀਂ ਇਹ ਕਿਵੇਂ ਬਣਾਂਗੇ? ਇਸ ਨੂੰ ਅਜ਼ਮਾਓ, ਆਪਣੇ ਆਪ ਤੇ। ਮੈਂ ਇਸ ਦੇ ਆਧਾਰ ਤੇ ਸਵਰਗ ਜਾਣ ਦੀ ਕੋਸ਼ਿਸ਼ ਕਰਨ ਤੋਂ ਨਫ਼ਰਤ ਕਰਦਾ ਹਾਂ, "ਮੈਂ ਪੰਜ ਮਿੰਟ ਪਹਿਲਾਂ ਜਨਮ ਲਿਆ, ਅਤੇ ਹੁਣੇ ਦੁਨੀਆ ਤੋਂ ਬਾਹਰ ਜਾ ਰਿਹਾ ਹਾਂ।" ਮੈਂ ਨਾਸ਼ ਹੋ ਜਾਵਾਂਗਾ। ਜੇ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਬੁਰਾ ਨਹੀਂ ਸੋਚਿਆ, ਜੇ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਮਾੜਾ ਸ਼ਬਦ ਨਹੀਂ ਬੋਲਿਆ, ਜੇ ਮੈਂ ਕਦੇ ਕਿਸੇ ਮਾੜੀ ਚੀਜ਼ ਵੱਲ ਨਹੀਂ ਦੇਖਿਆ, ਕਦੇ ਕੁਝ ਬੁਰਾ ਨਹੀਂ ਸੋਚਿਆ, ਜਾਂ ਕੁਝ ਵੀ ਨਹੀਂ, ਮੈਂ ਨਰਕ ਦੀਆਂ ਗੰਦੀਆਂ ਕੰਧਾਂ ਘਿਨਾਉਣਾ ਹਾਂ। ਮੈਂ ਇੱਕ ਪਾਪੀ ਹਾਂ।

73 ਮੈਂ ਜ਼ਿੰਦਗੀ ਵਿੱਚ ਆ ਸਕਦਾ ਹਾਂ ਅਤੇ ਇੱਕ ਕਮਰੇ ਵਿੱਚ ਬੰਦ ਰਹਿ ਸਕਦਾ ਹਾਂ, ਅਤੇ ਕੁਝ ਕਾਰਮੇਲਾਈਟ ਭੈਣਾਂ ਜਾਂ ਕਿਸੇ ਹੋਰ ਵਾਂਗ, ਅਤੇ ਸੰਸਾਰ

ਨੂੰ ਕਦੇ ਨਾ ਵੇਖਾਂ, ਉੱਥੇ ਅੰਦਰ ਰਹਾਂ ਅਤੇ ਸਾਰੀ ਉਮਰ ਪ੍ਰਾਰਥਨਾ ਕਰਾਂ, ਭਲਿਆਈ ਕਰਾਂ, ਇੱਕ ਕਰੋੜਪਤੀ ਪੈਦਾ ਹੋਵਾਂ ਅਤੇ ਗਰੀਬਾਂ ਨੂੰ ਉਹ ਸਭ ਕੁਝ ਦੇ ਦਿਆਂ ਜੋ ਮੈਨੂੰ ਮਿਲਿਆ ਹੈ, ਅਤੇ ਮੈਂ ਫਿਰ ਵੀ ਇੱਕ ਪਾਪੀ ਹੋਵਾਂਗਾ ਅਤੇ ਨਰਕ ਵਿੱਚ ਜਾਵਾਂਗਾ। ਹਾਂ, ਸ਼੍ਰੀਮਾਨ।

74 ਮੈਂ ਲੂਥਰਨ, ਬੈਪਟਿਸਟ, ਪੈਂਟੇਕੋਸਟਲ, ਪ੍ਰੈਸਬੀਟੇਰੀਅਨ, ਵਿੱਚ ਸ਼ਾਮਲ ਹੋ ਸਕਦਾ ਹਾਂ, ਜਦੋਂ ਮੈਂ ਕ੍ਰੈਡਲ ਰੋਲ ਵਿੱਚ ਹੋਵਾਂ, ਅਤੇ ਸੌ ਸਾਲ ਤੱਕ ਉਸ ਕਲੀਸਿਯਾ ਦੇ ਪ੍ਰਤੀ ਵਫ਼ਾਦਾਰ ਰਹਾਂ, ਅਤੇ ਮੇਰੀ ਜਾਨ ਲੈ ਲਈ ਜਾਂਦੀ ਹੈ, ਅਤੇ ਕੋਈ ਵੀ ਆਦਮੀ ਮੇਰੇ ਵੱਲ ਉਂਗਲ ਨਹੀਂ ਕਰ ਸਕਦਾ ਹੋਵੇ ਅਤੇ ਕਹੇ "ਉਸਨੇ ਕਦੇ ਵੀ ਇੰਨਾ ਕੁ ਬੁਰਾ ਵੀ ਨਹੀਂ ਸੋਚਿਆ," ਮੈਂ ਯਕੀਨੀ ਤੌਰ ਤੇ ਮੈਂ ਇੱਥੇ ਖੜ੍ਹਾ ਹਾਂ ਮੈਂ ਉਸੇ ਯਕੀਨੀ ਤੌਰ ਤੇ ਨਰਕ ਵਿੱਚ ਜਾਵਾਂਗਾ।

75 ਮੈਂ ਇੱਕ ਪਾਪੀ ਹਾਂ। ਇਹ ਸਹੀ ਹੈ। ਮੇਰੇ ਕੋਲ ਕੁਝ ਨਹੀ। ਇੱਥੇ ਕੋਈ ਰਸਤਾ ਨਹੀਂ ਹੈ, ਬਿਲਕੁਲ ਵੀ ਨਹੀਂ, ਮੈਂ ਕੋਈ—ਕੋਈ ਕੀਮਤ ਅਦਾ ਕਰਕੇ ਵੀ ਨਹੀਂ ਲੱਭ ਸਕਦਾ ਹਾਂ। ਪਰਮੇਸ਼ੁਰ ਨੂੰ ਮੌਤ ਦੀ ਲੋੜ ਸੀ। ਅਤੇ ਜੇ ਮੈਂ ਆਪਣੀ ਜਾਨ ਦੇ ਦਿਆਂ, ਜੇ ਮੈਂ ਆਪਣੀ ਜਾਨ ਦੇ ਦਿਆਂ, ਤਾਂ ਮੈਂ ਕਿਵੇਂ ਤੌਬਾ ਕਿਵੇਂ ਕਰ ਸਕਦਾ ਹਾਂ? ਕਿਉਂਕਿ, ਤੁਹਾਨੂੰ…ਪਹਿਲਾਂ, ਕਰਜ਼ਾ ਚੁਕਾਉਣਾ ਪਵੇਗਾ। ਅਤੇ ਪਰਮੇਸ਼ੁਰ ਹੀ ਇੱਕ ਸੀ ਜੋ ਆਪਣੀ ਜਾਨ ਦੇ ਸਕਦਾ ਸੀ ਅਤੇ ਇਸਨੂੰ ਦੁਬਾਰਾ ਲੈ ਸਕਦਾ ਸੀ। ਇਸ ਲਈ ਉਹ ਪਾਪ ਬਣ ਸਕਦਾ ਹੈ, ਅਤੇ ਆਪਣੀ ਜਾਨ ਦੇ ਸਕਦਾ ਹੈ ਅਤੇ ਇਸਨੂੰ ਲੈ ਸਕਦਾ ਹੈ, ਅਤੇ ਇਸ ਨੂੰ "ਨਿਆਂ" ਕਹਿ ਸਕਦਾ ਹੈ, ਅਤੇ ਕਰਜ਼ਾ ਅਦਾ ਕੀਤਾ ਜਾਂਦਾ ਹੈ। ਉਥੇ ਤੁਸੀਂ ਹੋ।

76 ਹੁਣ ਆਓ ਮੱਤੀ ਵੱਲ ਮੁੜੀਏ, 8ਵੇਂ ਅਧਿਆਇ ਵੱਲ, ਮੇਰਾ ਮੰਨਣਾ ਹੈ, ਕਿ ਇਹ 7ਵਾਂ ਜਾਂ 8ਵਾਂ ਅਧਿਆਇ ਹੈ। ਅਸੀਂ ਦੇਖਾਂਗੇ ਕਿ ਯਿਸੂ ਇੱਥੇ ਕੀ ਕਹਿੰਦਾ ਹੈ। ਠੀਕ ਹੈ। ਇਹ ਮੱਤੀ ਹੈ, 5ਵਾਂ ਅਧਿਆਇ। ਅਤੇ…ਯਿਸੂ, ਪ੍ਰਚਾਰ, ਪਾਹਾੜੀ ਉਪਦੇਸ਼ ਵਿੱਚ, 47ਵੀਂ ਆਇਤ।

> *ਅਤੇ ਜੇਕਰ ਤੁਸੀਂ ਨਿਰਾ ਆਪਣੇ ਭਾਈਆਂ ਨੂੰ ਪਰਨਾਮ ਕਰੋ ਤਾਂ* ਤੁਸੀਂ *ਕੀ ਵੱਧ ਕਰਦੇ ਹੋ? ਭਲਾ ਪਰਾਈ ਕੌਮਾਂ ਦੇ ਲੋਕ…?* (ਵੇਖੋ।)
>
> ਪਰ *ਇਸ ਲਈ ਤੁਸੀਂ ਸੰਪੂਰਣ ਹੋਵੋ,…*(ਕੀ?)
>
> *ਇਸ ਲਈ ਤੁਸੀਂ ਸੰਪੂਰਣ ਹੋਵੋ, ਜਿਵੇਂ ਤੁਹਾਡਾ ਪਿਤਾ ਜੋ ਸਵਰਗ ਵਿੱਚ ਹੈ ਸੰਪੂਰਣ ਹੈ।*

ਇਹ ਯਿਸੂ ਦਾ ਹੁਕਮ ਸੀ, "ਤੁਸੀਂ ਇਸ ਤਰ੍ਹਾਂ ਬਣੋ।"

77 ਉਹ ਕਹਿੰਦੇ ਹਨ, "ਕੋਈ ਵੀ ਸੰਪੂਰਨ ਨਹੀਂ ਹੋ ਸਕਦਾ, ਬਾਈਬਲ ਨੇ

ਕਿਹਾ, 'ਕੋਈ ਵੀ ਸੰਪੂਰਨ ਨਹੀਂ ਹੈ।' ਇੱਥੇ ਤੁਹਾਡਾ ਵਿਰੋਧਾਭਾਸ ਹੈ।" ਕੀ ਇਹ ਹੈ? ਠੀਕ ਹੈ।

78 ਤੁਸੀਂ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੋ ਸਕਦੇ। ਜੇ ਤੁਸੀਂ ਆਪਣੇ ਕੀਤੇ ਤੇ ਭਰੋਸਾ ਕਰ ਰਹੇ ਹੋ, ਤਾਂ ਤੁਸੀਂ ਨਾਸ਼ ਹੋ ਗਏ ਹੋ। "ਇਸ ਲਈ ਤੁਸੀਂ ਸੰਪੂਰਣ ਹੋਵੋ, ਜਿਵੇਂ ਕਿ ਪਰਮੇਸ਼ੁਰ ਸੰਪੂਰਨ ਹੈ।" ਹੁਣ:

*ਸੋ ਜਿਵੇਂ ਤੁਹਾਡਾ ਸਵਰਗੀ ਪਿਤਾ...ਸੰਪੂਰਣ ਹੈ, ਤਿਵੇਂ ਤੁਸੀਂ ਵੀ ਸੰਪੂਰਣ ਹੋਵੋ।*

79 "ਇਸ ਲਈ..." ਹੁਣ ਇਬਰਾਨੀਆਂ ਦਾ 5ਵਾਂ ਅਧਿਆਇ, 6ਵਾਂ ਅਧਿਆਇ।

*ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, ਸੰਪੂਰਣਤਾ ਦੀ ਵੱਲ ਅਗਾਹਾਂ ਵਧਦੇ ਜਾਈਏ;...*

80 ਹੁਣ, ਤੁਸੀਂ, ਬ੍ਰਨਹਾਮ ਟੈਬਰਨੇਕਲ। ਔਹ, ਮੈਂ ਜਾਣਦਾ ਹਾਂ, "ਸਾਡੇ ਕੋਲ ਚੰਗਾਈ ਹੈ।" ਇਹ ਸ਼ਾਨਦਾਰ ਹੈ। "ਸਾਡੇ ਕੋਲ ਦਰਸ਼ਨ ਹਨ।" ਔਹ, ਇਹ ਹੈ—ਇਹ ਵਧੀਆ ਗੱਲ ਹੈ। ਅਤੇ ਤੁਹਾਡੇ ਕੋਲ ਆਤਮਿਕ ਸੁਪਨੇ ਹਨ, ਅਤੇ ਕਈ ਵਾਰ ਉਹ ਆਤਮਿਕ ਸੁਪਨੇ ਨਹੀਂ ਹੁੰਦੇ ਹਨ। ਅਤੇ—ਅਤੇ ਕਈ ਵਾਰ ਤੁਸੀਂ..."ਅਸੀਂ, ਅਸੀਂ ਗਰੀਬਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਉਹ ਕਰਦੇ ਹਾਂ ਜੋ ਅਸੀਂ ਕਰ ਸਕਦੇ ਹਾਂ।" ਔਹ, ਇਹ ਸਭ ਠੀਕ ਹੈ, ਪਰ ਇਹ ਉਹ ਨਹੀਂ ਹੈ ਜਿਸ ਬਾਰੇ ਅਸੀਂ ਹੁਣ ਗੱਲ ਕਰ ਰਹੇ ਹਾਂ। ਅਸੀਂ ਇੱਕ ਹੋਰ ਪੜਾਅ ਵਿੱਚ ਦਾਖਲ ਹੋ ਰਹੇ ਹਾਂ।

*...ਛੱਡ ਕੇ...ਸਿਧਾਂਤ...*

81 "ਔਹ, ਹਾਂ, ਸਾਡੇ ਕੋਲ ਮਸੀਹ ਦਾ ਸਿਧਾਂਤ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ, ਕੁਆਰੀ ਤੋਂ ਜੰਮਿਆ ਹੋਇਆ। ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ, ਇਹਨਾਂ ਸਾਰੀਆਂ ਚੀਜ਼ਾਂ ਦੇ ਨਾਲ।" ਜੋ ਕਿ ਬਹੁਤ ਹੀ ਸ਼ਾਨਦਾਰ ਹਨ।

82 ਪਰ, "ਇਸ ਨੂੰ ਛੱਡ ਕੇ, ਆਓ ਸੰਪੂਰਨਤਾ ਵੱਲ ਚੱਲੀਏ।" ਔਹ, ਮੇਰੇ! ਕਾਸ਼ ਮੇਰੇ ਕੋਲ ਹੁਣ ਇੱਕ ਮਹਾਂ ਦੂਤ ਦੀ ਅਵਾਜ਼ ਹੁੰਦੀ, ਇਸ ਨੂੰ ਅਜਿਹੀ ਥਾਂ ਤੇ ਲਿਆਉਣ ਲਈ ਜਿੱਥੇ ਤੁਸੀਂ ਇਸਨੂੰ ਦੇਖ ਸਕਦੇ। ਹੁਣ ਉਹ ਕਹਿੰਦਾ ਹੈ, "ਮਸੀਹ ਦੇ ਸਾਰੇ ਸਿਧਾਂਤਾਂ ਨੂੰ ਛੱਡ ਕੇ," ਸਾਰੇ ਧਰਮ ਸ਼ਾਸਤਰੀ, ਅਤੇ ਸਾਰੇ ਧਰਮ ਸ਼ਾਸਤਰ ਜੋ ਅਸੀਂ ਜਾਣਦੇ ਹਾਂ, ਮਸੀਹ ਦੀ ਦੈਵਿਕਤਾ ਬਾਰੇ ਸਭ ਕੁਝ, ਉਹ ਕਿਵੇਂ ਦੇਹਧਾਰੀ ਪਰਮੇਸ਼ੁਰ ਸੀ, ਇਹ ਸਾਰੀਆਂ ਹੋਰ ਚੀਜ਼ਾਂ।

83 ਪੌਲੁਸ ਇੱਥੇ ਇਹ ਸਭ ਕੁਝ ਸਮਝਾਉਣ ਲਈ ਅੱਗੇ ਵਧਦਾ ਹੈ, ਬਸ ਕੁਝ ਮਿੰਟਾਂ ਵਿੱਚ। ਆਓ ਇਸ ਨੂੰ ਪੜ੍ਹੀਏ, ਬਸ ਥੋੜਾ ਜਿਹਾ, ਇਸ ਤੋਂ ਪਹਿਲਾਂ ਕਿ ਅਸੀਂ ਇਸ ਤੇ ਪਹੁੰਚੀਏ।

*...ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ...*

ਹੁਣ, ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ।

*...ਨਾਲੇ ਪਰਮੇਸ਼ੁਰ ਉੱਤੇ ਨਿਹਚਾ* ਕਰਨ ਦੀ,

ਸਾਨੂੰ ਇਸ ਤੇ ਵਿਸ਼ਵਾਸ ਹੈ।

*ਅਤੇ ਬਪਤਿਸਮਿਆਂ ਦੀ ਸਿੱਖਿਆ ਦੀ,...*

ਬਸ ਤੁਹਾਨੂੰ ਕਿਵੇਂ ਬਪਤਿਸਮਾ ਲੈਣਾ ਚਾਹੀਦਾ ਹੈ, ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ।

*...ਅਤੇ ਹੱਥ ਰੱਖਣ ਦੀ,...*

ਅਸੀਂ ਹੱਥ ਰੱਖਣ ਵਿੱਚ ਵਿਸ਼ਵਾਸ ਰੱਖਦੇ ਹਾਂ, ਕੀ ਅਸੀਂ ਨਹੀਂ ਕਰਦੇ? ਦੇਖੋ, ਇਹ ਸਭ, ਯਕੀਨਨ।

*...ਅਤੇ ਮੁਰਦਿਆਂ ਦੇ ਜੀ ਉੱਠਣ ਦੀ,...*

84 ਸਾਨੂੰ ਇਸ ਤੇ ਵਿਸ਼ਵਾਸ ਹੈ। ਹੁਣ ਦੇਖੋ। ਤੁਸੀਂ ਦੇਖੋ ਇੱਥੇ, "ਨਿਆਂ," ਵਰਤਿਆ ਜਾਂਦਾ ਹੈ, "ਸਦੀਪਕ।" ਇਹ ਸਦਾ ਲਈ ਹੈ। ਜਦੋਂ ਨਿਆਂ ਦੀ ਗੱਲ ਪਰਮੇਸ਼ੁਰ ਤੋਂ ਹੁੰਦੀ ਹੈ, ਇਹ ਸਦਾ ਲਈ ਹੈ। ਫਿਰ, ਨਿਆਂ ਹੋਣ ਤੋਂ ਬਾਅਦ ਕੋਈ ਹੋਰ ਸੁਲ੍ਹਾ ਨਹੀਂ ਹੋ ਸਕਦੀ। ਹੁਣ ਤੁਸੀਂ ਸਮਝ ਸਕਦੇ ਹੋ ਕਿ ਪਰਮੇਸ਼ੁਰ ਨੂੰ ਆਪਣੀ—ਆਪਣੀ ਕਿਉਂ ਲੈਣੀ ਪਈ, ਜਿਵੇਂ ਕਿ ਅਸੀਂ ਇਸਨੂੰ ਕਹਿੰਦੇ ਹਾਂ, ਉਸਦੀ ਆਪਣੀ ਦਵਾਈ। ਜਦੋਂ ਉਸਨੇ ਪਾਪ ਕਰਨ ਲਈ ਮਨੁੱਖ ਨੂੰ ਦੋਸ਼ੀ ਠਹਿਰਾਇਆ, ਤਾਂ ਉਹ ਸੁਲ੍ਹਾ ਕਰਨ ਦਾ ਇੱਕੋ ਇੱਕ ਤਰੀਕਾ ਸੀ, ਉਹ ਸੀ ਮਨੁੱਖ ਦੀ ਜਗ੍ਹਾ ਆਪ ਲੈਣਾ। ਇਹ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਉਹ ਸੁਲ੍ਹਾ ਕਰ ਸਕਦਾ ਹੈ, ਜਾਂ ਸਾਡੇ ਨਾਲ ਮੇਲ ਕਰ ਸਕਦਾ ਹੈ, ਉਸ ਸੀ ਸਾਡੀ ਜਗ੍ਹਾ ਲੈਣਾ ਅਤੇ ਇੱਕ ਪਾਪੀ ਬਣ ਜਾਣਾ। ਪਰਮੇਸ਼ੁਰ, ਯਹੋਵਾਹ, ਇੱਕ ਪਾਪੀ ਬਣ ਗਿਆ, ਅਤੇ ਉਸ ਨੇ ਆਪਣੀ ਜਾਨ ਦੇ ਦਿੱਤੀ।

85 ਹੁਣ, ਤੁਸੀਂ ਆਪਣੀ ਜਾਨ ਦੇ ਸਕਦੇ ਹੋ, ਇੱਕ ਪਾਪੀ ਦੇ ਤੌਰ ਤੇ, ਕਿਸੇ ਕਾਰਨ ਵਾਸਤੇ ਮਰਨ ਲਈ। ਪੌਲੁਸ ਨੇ ਕਿਹਾ, "ਭਾਵੇਂ ਮੈਂ ਆਪਣਾ ਸਰੀਰ ਬਲੀਦਾਨ ਵਜੋਂ ਸੜਨ ਲਈ ਦੇ ਦਿਆਂ, ਫਿਰ ਵੀ ਮੈਂ ਕੁਝ ਵੀ ਨਹੀਂ ਹਾਂ,"

ਕਿਉਂਕਿ ਇਹ ਕੰਮ ਨਹੀਂ ਕਰੇਗਾ। ਦੇਖੋ, ਜਦੋਂ ਤੁਸੀਂ ਮਰਦੇ ਜਾਂਦੇ ਹੋ, ਤਾਂ ਤੁਸੀਂ ਚਲੇ ਗਏ ਹੋ। ਤੁਸੀਂ ਇੱਕ ਪਾਪੀ ਵਜੋਂ ਮਰਦੇ ਹੋ, ਤੁਸੀਂ ਨਾਸ਼ ਹੋ ਗਏ ਹੋ।

86 "ਪਰ ਪਰਮੇਸ਼ੁਰ ਸਰੀਰ ਵਿੱਚ ਹੇਠਾਂ ਆਇਆ, ਅਤੇ ਸਰੀਰ ਵਿੱਚ ਪਾਪ ਦੀ ਨਿੰਦਾ ਕੀਤੀ, ਪਾਪੀ ਸਰੀਰ ਬਣ ਗਿਆ।" ਕਿਉਂਕਿ, ਉਹ ਅਨੰਤ ਪਰਮੇਸ਼ੁਰ ਸੀ, ਅਤੇ ਉਸਨੇ ਆਪਣੇ ਸਰੀਰ ਨੂੰ ਜੁਆਲਿਆ, ਇਸ ਲਈ ਉਹ ਨਿਆਂਈ ਹੈ।

87 ਹੁਣ, ਇਹ ਸਾਰੀਆਂ ਚੀਜ਼ਾਂ, "ਆਓ ਸੰਪੂਰਨਤਾ ਵੱਲ ਚੱਲੀਏ," ਪੌਲੁਸ ਨੇ ਕਿਹਾ। ਹੁਣ ਕੀ?

*...ਸਦੀਪਕ ਨਿਆਉਂ ਦੀ।*

*...ਪਰਮੇਸ਼ੁਰ ਚਾਹੇ,...ਤਾਂ ਅਸੀਂ ਇਹੋ ਹੀ ਕਰਾਂਗੇ।* (ਤੀਸਰੀ ਆਇਤ।)

88 ਹੁਣ, "ਸੰਪੂਰਣਤਾ ਵੱਲ ਚਲੀਏ।" ਯਿਸੂ ਨੇ ਕਿਹਾ, "ਇਸ ਲਈ ਤੁਸੀਂ ਸੰਪੂਰਣ ਬਣੋ, ਜਿਵੇਂ ਤੁਹਾਡਾ ਪਿਤਾ ਜੋ ਸਵਰਗ ਵਿੱਚ ਹੈ ਸੰਪੂਰਣ ਹੈ।"

ਅਤੇ ਅਸੀਂ, ਹਰ ਇੱਕ, ਦੋਸ਼ੀ ਹਾਂ। ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਜੋ ਵੀ ਕਰੀਏ, ਅਸੀਂ ਦੋਸ਼ੀ ਹਾਂ। ਅਸੀਂ ਜਨਮ ਤੋਂ ਹੀ, ਦੋਸ਼ੀ ਹਾਂ। ਤੁਹਾਡੇ ਮਾਤਾ ਅਤੇ ਪਿਤਾ ਜਨਮ ਤੋਂ ਹੀ, ਦੋਸ਼ੀ ਸਨ। ਤੁਹਾਡੇ, ਤੁਹਾਡੇ ਸਾਰੇ ਪੁਰਖੇ ਪਾਪ ਵਿੱਚ ਪੈਦਾ ਹੋਏ ਸਨ, ਬਦੀ ਵਿੱਚ ਘੜੇ ਗਏ। ਤਾਂ ਤੁਸੀਂ ਇਸਨੂੰ ਕਿਵੇਂ ਪ੍ਰਾਪਤ ਕਰੋਗੇ? ਤੁਸੀਂ ਸੰਪੂਰਨ ਕਿਵੇਂ ਬਣੋਗੇ? ਜੇ ਤੁਸੀਂ ਕਦੇ ਕੋਈ ਕੰਮ ਨਹੀਂ ਕੀਤਾ, ਕਦੇ ਚੋਰੀ ਨਹੀਂ ਕੀਤੀ, ਕਦੇ ਝੂਠ ਨਹੀਂ ਬੋਲਿਆ, ਆਪਣੀ ਜ਼ਿੰਦਗੀ ਵਿੱਚ ਕਦੇ ਕੁਝ ਨਹੀਂ ਕੀਤਾ, ਤਾਂ ਵੀ ਤੁਸੀਂ ਦੋਸ਼ੀ ਹੋ। ਤੁਸੀਂ ਆਪਣਾ ਪਹਿਲਾ ਸਾਹ ਲੈਣ ਤੋਂ ਵੀ ਪਹਿਲਾਂ ਦੋਸ਼ੀ ਠਹਿਰਾਏ ਜਾ ਚੁੱਕੇ ਸੀ। ਤੁਸੀਂ ਦੋਸ਼ੀ ਠਹੀਰਾਏ ਗਏ ਸੀ। ਇਹ ਸਹੀ ਹੈ। ਅਤੇ ਤੁਹਾਡਾ ਪਰਮੇਸ਼ੁਰ ਵੱਲੋਂ ਨਿਆਂ ਕਰ ਦਿੱਤਾ ਗਿਆ ਸੀ ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਪਹਿਲਾ ਸਾਹ ਲੈਂਦੇ। ਕਿਉਂਕਿ ਤੁਹਾਡੇ ਪਿਤਾ ਅਤੇ ਮਾਤਾ ਦੀ ਜਿਨਸੀ ਇੱਛਾ ਦੁਆਰਾ, ਤੁਹਾਡਾ ਨਿਆਂ ਕੀਤਾ ਗਿਆ ਸੀ, ਜਿਨ੍ਹਾਂ ਨੇ ਆਪਣੇ ਕੰਮ ਦੁਆਰਾ, ਤੁਹਾਨੂੰ ਇੱਥੇ ਧਰਤੀ ਤੇ ਲਿਆਂਦਾ। ਅਤੇ ਪਰਮੇਸ਼ੁਰ ਨੇ ਇਸ ਨੂੰ ਸ਼ਰਾਪ ਦਿੱਤਾ, ਸ਼ੁਰੂ ਵਿੱਚ। ਤੁਸੀਂ ਦੋਸ਼ੀ ਠਹਿਰਾਏ ਗਏ ਹੋ, ਸ਼ੁਰੂ ਤੋਂ ਹੀ। ਇਸ ਲਈ ਜਿੱਥੇ ਤੁਸੀਂ...ਅਤੇ ਤੁਹਾਡੇ ਨਾਲ ਧਰਤੀ ਉੱਤੇ ਹਰੇਕ ਵਿਅਕਤੀ ਦੋਸ਼ੀ ਠਹਿਰਾਇਆ ਗਿਆ ਸੀ। ਹੁਣ ਤੁਸੀਂ ਸੰਪੂਰਨਤਾ ਕਿੱਥੇ ਪ੍ਰਾਪਤ ਕਰੋਗੇ?

89 ਦੇਖੋ। ਆਓ ਕੁਝ ਪਲ ਇਬਰਾਨੀਆਂ ਵੱਲ ਮੁੜੀਏ, 10ਵਾਂ ਅਧਿਆਇ। ਧਿਆਨ ਨਾਲ ਸੁਣੋ। ਮੈਂ 9ਵਾਂ ਅਧਿਆਇ, ਪਹਿਲਾਂ, 11ਵੀਂ ਆਇਤ ਵਿੱਚੋਂ

ਥੋੜ੍ਹਾ ਜਿਹਾ ਪੜ੍ਹਨਾ ਚਾਹੁੰਦਾ ਹਾਂ।

> *ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ ਪਰਧਾਨ ਜਾਜਕ ਹੋ ਕੇ ਆਇਆ, ਤਾਂ ਪਹਿਲੇ ਨਾਲੋਂ ਉਸ ਵੱਡੇ ਅਤੇ ਪੂਰਨ ਡੇਹਰੇ ਦੇ ਰਾਹੀਂ,* ਉਸਦਾ ਆਪਣਾ ਡੇਹਰਾ, ਉਸਦੀ ਦੇਹ,…

90 ਦੇਖੋ, ਪੁਰਾਣਾ ਡੇਹਰਾ…ਕੀ ਤੁਸੀਂ ਧਿਆਨ ਦਿੱਤਾ? ਪੁਰਾਣੇ ਡੇਹਰੇ ਵਿੱਚ ਇੱਕ ਪਰਦਾ ਸੀ, ਜੋ ਕਿ ਸੰਦੂਕ ਨੂੰ ਲੁਕਾਉਂਦਾ ਸੀ ਜਿੱਥੇ ਪਰਮੇਸ਼ੁਰ ਰਹਿੰਦਾ ਸੀ। ਇਹ ਕਿੰਨੇ ਕੁ ਜਾਣਦੇ ਹਨ? ਯਕੀਨਨ। ਖੈਰ, ਇੱਥੇ ਉਹ ਪੁਰਾਣਾ ਮਨੁੱਖ ਦੁਆਰਾ ਬਣਾਇਆ ਡੇਹਰਾ, ਜਿਸਦੇ ਪਰਦੇ ਬੱਕਰੀਆਂ ਦੇ ਰੰਗੇ ਹੋਏ ਚਮੜੇ ਤੋਂ ਬਣਾਏ ਗਏ ਸਨ, ਅਤੇ ਹੋਰ ਬਹੁਤ ਕੁਝ, ਪਰਮੇਸ਼ੁਰ ਦੀ ਮੌਜੂਦਗੀ ਨੂੰ ਛੁਪਾਉਣ ਲਈ ਇੱਕ ਦੇਹਰਾ ਬਣਾਇਆ ਗਿਆ ਸੀ। ਕਿੰਨੇ ਕੁ ਜਾਣਦੇ ਹਨ ਕਿ ਸਾਲ ਵਿੱਚ ਇੱਕ ਵਾਰ ਸਿਰਫ਼ ਇੱਕ ਆਦਮੀ ਉੱਥੇ ਜਾ ਸਕਦਾ ਸੀ? ਯਕੀਨਨ। ਉਹ ਹਾਰੂਨ ਸੀ, ਸਾਲ ਵਿੱਚ ਇੱਕ ਵਾਰ ਅੰਦਰ ਜਾਂਦਾ ਸੀ। ਅਤੇ ਉਸਨੂੰ ਮਸਹ ਕੀਤਾ ਜਾਣਾ ਹੁੰਦਾ ਸੀ। ਅਤੇ—ਅਤੇ, ਔਹ, ਮੰਗ! ਅਤੇ ਉਸਦੇ ਹੱਥ ਵਿੱਚ ਅੱਗ ਹੋਣੀ ਚਾਹੀਦੀ ਹੈ; ਅਤੇ ਜੇ ਉਹ ਇਸ ਤੋਂ ਬਿਨਾਂ ਚਲਾ ਜਾਵੇ, ਤਾਂ ਜਿਵੇਂ ਹੀ ਉਸਨੇ ਉਸ ਪਰਦੇ ਨੂੰ ਪਿੱਛੇ ਹਟਾਵੇਗਾ, ਤਾਂ ਉਸਦੀ ਮੌਤ ਹੋ ਜਾਵੇਗੀ। ਉਹ ਮਰ ਜਾਵੇਗਾ। ਉਸਨੂੰ ਉੱਥੇ ਜਾਣਾ ਪਵੇਗਾ ਅਤੇ ਇਹਨਾਂ ਸ਼ਮਾਦਾਨਾਂ ਨੂੰ ਜਗਾਉਣਾ ਪਵੇਗਾ, ਅਤੇ ਕਿਰਪਾ ਦੇ ਸਿੰਘਾਸਣ ਤੇ ਛਿੜਕਣਾ ਪਵੇਗਾ ਮੰਗਦੀ ਸੀ, ਮੌਤ ਦਾ ਲਹੂ, ਬਦਲੇ ਲਈ ਕੁਝ, ਜਦੋਂ ਤੱਕ ਮਸੀਹ ਇਸ ਦੀ ਥਾਂ ਲੈਣ ਲਈ ਨਹੀਂ ਆਇਆ।

91 ਹੁਣ, ਪਰ, ਪਰਮੇਸ਼ੁਰ ਫਿਰ ਇੱਕ ਹੋਰ ਕਿਸਮ ਦੇ ਦੇਹਰੇ ਵਿੱਚ ਬਦਲ ਗਿਆ। ਅਤੇ ਉਹ ਡੇਰਾ ਕੌਣ ਸੀ? ਯਿਸੂ। ਅਤੇ ਪਰਮੇਸ਼ੁਰ ਯਿਸੂ ਦੇ ਅੰਦਰ ਸੀ, ਅਤੇ ਉਹ ਲੁਕਿਆ ਹੋਇਆ ਸੀ, ਪਰ ਉਹ ਆਪਣੇ ਪ੍ਰਗਟਾਵੇ ਦੁਆਰਾ, ਸੰਸਾਰ ਨੂੰ ਆਪਣੇ ਨਾਲ ਮਿਲਾ ਰਿਹਾ ਸੀ। ਮਸੀਹ ਨੇ ਪਰਮੇਸ਼ੁਰ ਨੂੰ ਪ੍ਰਗਟ ਕੀਤਾ। ਉਸ ਨੇ ਕਿਹਾ, “ਇਹ ਮੈਂ ਨਹੀਂ ਹਾਂ ਜੋ ਕੰਮ ਕਰਦਾ ਹੈ। ਇਹ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਰਹਿੰਦਾ ਹੈ। ਮੈਂ ਆਪਣੇ ਆਪ ਵਿੱਚ ਕੁਝ ਨਹੀਂ ਕਰਦਾ ਪਰ ਜੋ ਮੈਂ ਪਿਤਾ ਨੂੰ ਕਰਦਾ ਵੇਖਦਾ ਹਾਂ। ਮੇਰੇ ਵਿੱਚ ਪਿਤਾ, ਮੈਨੂੰ ਇਹ ਦਰਸ਼ਣ ਦਿਖਾਉਂਦਾ ਹੈ, ਅਤੇ ਫਿਰ ਮੈਂ ਉਹੀ ਕਰਦਾ ਹਾਂ ਜੋ ਪਿਤਾ ਮੈਨੂੰ ਕਰਨ ਲਈ ਕਹਿੰਦਾ ਹੈ।” ਤੁਸੀਂ ਇਹ ਸਮਝ ਰਹੇ ਹੋ? ਪਰਮੇਸ਼ੁਰ ਮਨੁੱਖੀ ਸਰੀਰ ਦੇ ਅੰਦਰ ਸੀ, ਬੱਕਰੀਆਂ ਦੀ ਰੰਗੀ ਹੋਈ ਖੱਲ ਦੇ ਪਿੱਛੇ ਨਹੀਂ, ਸਗੋਂ ਜੀਉਂਦਾ, ਚਲਦਾ ਸੀ। ਪਰਮੇਸ਼ੁਰ ਦੇ ਹੱਥ ਸਨ; ਪਰਮੇਸ਼ੁਰ ਦੇ ਪੈਰ ਸਨ; ਪਰਮੇਸ਼ੁਰ ਕੋਲ ਜੀਭ ਸੀ; ਪਰਮੇਸ਼ੁਰ ਦੀਆਂ ਅੱਖਾਂ ਸਨ; ਅਤੇ ਇਹ ਮਸੀਹ ਸੀ। ਉੱਥੇ ਉਹ ਸੀ।

92 ਹੁਣ, ਉਹ ਚਲਾ ਗਿਆ, ਅਤੇ ਆਤਮਾ ਉਸ ਵਿੱਚ ਆਇਆ, ਕਿ ਉਸਦੀ ਮੌਤ ਦੁਆਰਾ ਉਹ ਕਲੀਸਿਯਾ ਨੂੰ ਸੰਪੂਰਨ ਕਰੇ ਅਤੇ ਕਲੀਸਿਯਾ ਨੂੰ ਆਪਣੇ ਅਧੀਨ ਕਰੇ। ਅਤੇ ਫਿਰ ਉਹੀ ਆਤਮਾ ਜੋ ਮਸੀਹ ਵਿੱਚ ਸੀ ਕਲੀਸਿਯਾ ਵਿੱਚ ਹੈ, ਉਹੀ ਕੰਮ ਕਰ ਰਿਹਾ ਹੈ ਜੋ ਮਸੀਹ ਨੇ ਕੀਤੇ ਸਨ। "ਥੋੜਾ ਸਮਾਂ ਅਤੇ ਸੰਸਾਰ ਮੈਨੂੰ ਹੋਰ ਨਹੀਂ ਦੇਖੇਗਾ; ਫਿਰ ਵੀ ਤੁਸੀਂ ਮੈਨੂੰ ਵੇਖੋਗੇ, ਕਿਉਂਕਿ ਮੈਂ ਤੁਹਾਡੇ ਨਾਲ ਹੋਵਾਂਗਾ, ਇੱਥੋਂ ਤੱਕ ਕਿ ਤੁਹਾਡੇ ਵਿੱਚ, ਸੰਸਾਰ ਦੇ ਅੰਤ ਤੱਕ।"

93 ਹੁਣ ਇਹ ਸੁਣੋ।

> *ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ ਪਰਧਾਨ ਜਾਜਕ ਹੋ ਕੇ ਆਇਆ, ਤਾਂ ਪਹਿਲੇ ਨਾਲੋਂ ਉਸ ਵੱਡੇ ਅਤੇ ਪੂਰਨ ਡੇਹਰੇ ਦੇ ਰਾਹੀਂ, ਜੋ ਹੱਥਾਂ ਦਾ ਬਣਾਇਆ ਹੋਇਆ ਨਹੀਂ, ਅਰਥਾਤ, ਇਸ ਸਰਿਸ਼ਟੀ ਦਾ ਨਹੀਂ ਹੈ;*

ਉਹ ਹੱਥਾਂ ਦਾ ਬਣਾਇਆ ਹੋਇਆ ਨਹੀਂ ਸੀ। ਉਹ ਕਿਵੇਂ ਪੈਦਾ ਹੋਇਆ ਸੀ? ਕੁਆਰੀ ਤੋਂ ਜੰਮਿਆ ਸੀ।

> *ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ,* ਜੋ ਇਹ ਸਰੀਰ ਕਦੇ ਬਲੀਦਾਨ ਜਾਂ ਪਵਿੱਤਰ ਕੀਤਾ ਗਿਆ ਸੀ, *ਸਗੋਂ ਆਪਣੇ ਹੀ ਲਹੂ ਦੇ ਰਾਹੀਂ…*

94 ਤੁਸੀਂ ਜਾਣਦੇ ਹੋ ਕਿ ਲਹੂ ਪੁਰਖ ਲਿੰਗ ਤੋਂ ਆਉਂਦਾ ਹੈ। ਅਤੇ ਫਿਰ ਕਿਸੇ ਨੇ ਕਿਹਾ, "ਔਹ, ਯਿਸੂ ਇੱਕ ਯਹੂਦੀ ਸੀ।" ਉਹ ਯਹੂਦੀ ਨਹੀਂ ਸੀ। "ਔਹ, ਅਸੀਂ ਯਹੂਦੀ ਲਹੂ ਦੁਆਰਾ ਬਚਾਏ ਗਏ ਹਾਂ।" ਨਹੀਂ, ਅਸੀਂ ਨਹੀਂ। ਜੇ ਸਾਨੂੰ ਯਹੂਦੀ ਲਹੂ ਦੁਆਰਾ ਬਚਾਇਆ ਗਿਆ ਸੀ, ਤਾਂ ਅਸੀਂ ਅਜੇ ਵੀ ਗੁਆਚੇ ਹੋਏ ਹਾਂ।

ਯਿਸੂ ਯਹੂਦੀ ਨਹੀਂ ਸੀ, ਨਾ ਹੀ ਉਹ ਗ਼ੈਰ-ਯਹੂਦੀ ਸੀ। ਉਹ ਪਰਮੇਸ਼ੁਰ ਸੀ: ਪਰਮੇਸ਼ੁਰ ਪਿਤਾ, ਆਤਮਾ, ਅਜਿਹਾ ਜੋ ਅਣਡਿੱਠਾ ਸੀ। "ਕਿਸੇ ਮਨੁੱਖ ਨੇ ਕਦੇ ਵੀ ਪਰਮੇਸ਼ੁਰ ਨੂੰ ਨਹੀਂ ਦੇਖਿਆ, ਪਰ ਪਿਤਾ ਦੇ ਇਕਲੌਤੇ ਪੁੱਤਰ ਨੇ ਉਸ ਨੂੰ ਘੋਸ਼ਿਤ ਕੀਤਾ ਹੈ।" ਉਸਨੇ ਪਰਮੇਸ਼ੁਰ ਨੂੰ ਪ੍ਰਗਟ ਕੀਤਾ, ਜੋ ਪਰਮੇਸ਼ੁਰ ਸੀ।

95 ਹੁਣ ਉਸਦੀ ਕਲੀਸਿਯਾ ਨੇ ਪਰਮੇਸ਼ੁਰ ਨੂੰ ਪ੍ਰਗਟ ਕਰਨਾ ਹੈ, ਇਹ ਦਿਖਾਉਣ ਲਈ ਕਿ ਪਰਮੇਸ਼ੁਰ ਕੀ ਹੈ। ਸਮਝੇ?

ਸਾਨੂੰ ਕੀ ਕਰਨਾ ਚਾਹੀਦਾ ਹੈ? ਆਪਣੇ ਆਪ ਨੂੰ ਸੰਗਠਿਤ ਕਰੀਏ, ਅਤੇ, "ਮੇਰਾ *ਉਨ੍ਹਾਂ* ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਮੈਥੋਡਿਸਟ ਹਨ। ਉਹ

ਪ੍ਰੈਸਬੀਟੇਰੀਅਨ ਹਨ। ਮੈਂ *ਉਨ੍ਹਾਂ* ਨਾਲ ਕੋਈ ਲੈਣਾ-ਦੇਣਾ ਨਹੀਂ ਚਾਹੁੰਦਾ। ਮੈਂ ਬੈਪਟਿਸਟ ਹਾਂ। ਮੈਂ ਪੈਂਟੇਕੋਸਟਲ ਹਾਂ।" ਹੂੰ! ਤੁਸੀਂ ਗੁਆਚ ਗਏ ਹੋ, ਇਸ ਤਰ੍ਹਾਂ ਦੇ ਇਰਾਦਿਆਂ ਦੇ ਨਾਲ। ਠੀਕ ਹੈ।

96 ਕੌਣ ਘੁਮੰਡ ਕਰ ਸਕਦਾ ਹੈ? ਕੌਣ ਕੁਝ ਕਹਿ ਸਕਦਾ ਹੈ? ਉਸ ਬਦਨਾਮੀ ਨੂੰ ਵੇਖੋ ਜੋ ਪ੍ਰੈਸਬੀਟੇਰੀਅਨਾਂ ਨੇ ਲਿਆਂਦੀ ਹੈ। ਬੈਪਟਿਸਟ, ਅਪਮਾਨ ਨੂੰ ਦੇਖੋ। ਕੈਥੋਲਿਕ, ਅਪਮਾਨ ਨੂੰ ਦੇਖੋ। ਬੇਇੱਜ਼ਤੀ ਨੂੰ ਦੇਖੋ, ਪੈਂਟੇਕੋਸਟਲ, ਨਾਜ਼ਾਰੀਨ, ਪਿਲਗ੍ਰੀਮ ਹੋਲੀਨੇਸ। ਉਨ੍ਹਾਂ ਬਾਕੀ ਸਾਰੀਆਂ ਨੂੰ ਦੇਖੋ।

ਪਰ, ਮੈਂ ਤੁਹਾਨੂੰ ਚੁਣੌਤੀ ਦਿੰਦਾ ਹਾਂ ਕਿ ਤੁਸੀਂ ਇੱਕ ਹੱਥ ਉਠਾਓ, ਅਪਮਾਨ ਵਿੱਚ, ਉਸ ਵੱਲ। ਹਾਂ। ਇੱਕ ਉਂਗਲ ਉਠਾਓ, ਜਦੋਂ ਪਰਮੇਸ਼ੁਰ ਨੇ ਕਿਹਾ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ। ਤੁਸੀਂ ਉਸਦੀ ਸੁਣੋ।" ਉੱਥੇ ਉਹ ਹੈ। ਇਹ ਸੰਪੂਰਨ ਹੈ।

97 ਹੁਣ, ਆਓ ਹੁਣ ਇੱਥੇ ਥੋੜਾ ਜਿਹਾ ਅਗਾਂਹ ਪੜ੍ਹੀਏ।

> *ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ...ਨਹੀਂ, ਸਗੋਂ ਆਪਣੇ ਹੀ ਲਹੂ ਦੇ ਰਾਹੀਂ, ਪਵਿੱਤਰ ਅਸਥਾਨਾਂ ਦੇ ਅੰਦਰ ਇੱਕੋ ਵਾਰ ਅੰਦਰ ਗਿਆ, ਸਦੀਪਕ ਨਿਸਤਾਰਾ ਕਮਾ...*(ਕੀ ਤੁਸੀਂ ਇਹ ਸਮਝੇ ਗਏ?)*...ਸਾਡੇ ਲਈ ਸਦੀਪਕ ਨਿਸਤਾਰਾ।*

98 ਅੱਜ ਦੇ ਨਿਸਤਾਰੇ ਲਈ ਨਹੀਂ, ਅਤੇ ਫਿਰ, ਅਗਲੇ ਹਫ਼ਤੇ ਜਦੋਂ ਬੇਦਾਰੀ ਸ਼ੁਰੂ ਹੁੰਦੀ ਹੈ, ਦੁਬਾਰਾ ਨਿਸਤਾਰਾ ਪਾਓ, ਅਤੇ ਫਿਰ, ਔਹ, ਅਸੀਂ ਪਿੱਛੇ ਜਾਂਦੇ ਹਾਂ ਅਤੇ ਦੁਬਾਰਾ ਨਿਸਤਾਰਾ ਪਾਉਂਦੇ ਹਾਂ। ਤੁਹਾਨੂੰ ਇੱਕ ਵਾਰ, ਹਮੇਸ਼ਾ ਲਈ ਨਿਸਤਾਰਾ ਦਿੱਤਾ ਗਿਆ ਹੈ। ਇਹ ਠੀਕ ਹੈ। ਕੋਈ ਹੋਰ ਨਿਸਤਾਰਾ ਨਹੀਂ, ਨਿਸਤਾਰਾ, ਨਿਸਤਾਰਾ। "ਸਦੀਪਕ ਨਿਸਤਾਰਾ!" "ਜਿਹੜਾ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ, ਅਤੇ ਕਦੇ ਵੀ ਨਿਆਂ ਵਿੱਚ ਨਹੀਂ ਆਵੇਗਾ, ਪਰ ਹੈ," ਭੂਤ ਕਾਲ, "ਮੌਤ ਤੋਂ ਪਾਰ ਜੀਵਨ ਵਿੱਚ ਚਲਾ ਗਿਆ ਹੈ।" ਕਿਉਂਕਿ ਉਹ ਹਿੱਲਿਆ ਸੀ? ਕਿਉਂਕਿ ਉਸਨੇ ਇੱਕ ਖਾਸ ਤਰੀਕੇ ਨਾਲ ਬਪਤਿਸਮਾ ਲਿਆ ਸੀ? ਕਿਉਂਕਿ ਉਸਦੇ ਹੱਥ ਵਿੱਚ ਲਹੂ ਸੀ? "ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਉੱਤੇ ਵਿਸ਼ਵਾਸ ਕੀਤਾ ਹੈ।" ਇਸ ਤਰ੍ਹਾਂ ਸਾਡੇ ਕੋਲ ਸਦੀਪਕ ਨਿਸਤਾਰਾ ਹੈ।

99 ਹੁਣ ਸੁਣੋ।

> *ਕਿਉਂਕਿ...ਜੇ ਬੱਕਰਿਆਂ ਅਤੇ ਵਹਿੜਕਿਆਂ ਦਾ ਲਹੂ, ਅਤੇ* ਵਹਿੜ ਦੀ ਸੁਆਹ ਜਿਹੜੀ ਧੂੜੀ...*ਜਿਹੜੀ ਭ੍ਰਿਸ਼ਟਾਂ ਉੱਤੇ ਧੂੜੀ*

*ਜਾਵੇ, ਸਰੀਰ ਦੇ ਸ਼ੁੱਧ ਕਰਨ ਲਈ ਪਵਿੱਤਰ ਕਰਦੀ ਹੈ:*

*ਤਾਂ ਕਿੰਨਾ ਹੀ ਵਧੀਕ ਮਸੀਹ ਦਾ ਲਹੂ, ਜਿਹ ਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ, ਸਾਡੇ ਅੰਤਹਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਸਨਾ ਕਰੋ?*

100 "ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲਾ ਗਿਆ।" ਤੁਹਾਨੂੰ ਕੀ ਫਰਕ ਪੈਂਦਾ ਹੈ ਕਿ ਦੁਨੀਆਂ ਕੀ ਸੋਚਦੀ ਹੈ? ਤੁਹਾਨੂੰ ਕੀ ਪਰਵਾਹ ਹੈ ਕਿ ਤੁਹਾਡਾ ਗੁਆਂਢੀ ਕੀ ਸੋਚਦਾ ਹੈ? ਸਾਡਾ ਅੰਤਹਕਰਨ ਮਰ ਚੁੱਕਾ ਹੈ, ਅਤੇ ਅਸੀਂ ਨਵੇਂ ਕੀਤੇ ਗਏ ਅਤੇ ਪਰਮੇਸ਼ੁਰ ਦੀ ਆਤਮਾ ਦੁਆਰਾ ਮੁੜ ਤੋਂ ਪੈਦਾ ਹੋਏ ਹਾਂ, ਸੱਚੇ ਅਤੇ ਜਿਉਂਦੇ ਪਰਮੇਸ਼ੁਰ ਦੀ ਸੇਵਾ ਕਰਨ ਲਈ। ਉਥੇ ਤੁਸੀਂ ਹੋ।

101 ਹੁਣ 10ਵੀਂ ਆਇਤ ਤੇ ਉੱਤਰ ਆਓ, ਸਗੋਂ, 10ਵੇਂ ਅਧਿਆਏ ਤੇ, ਸਿੱਧਾ ਸਫ਼ੇ ਦੇ ਪਾਰ।

*...ਸ਼ਰਾ ਜਿਹੜੀ ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ ਹੀ ਹੈ, ਪਰ ਉਨ੍ਹਾਂ ਵਸਤਾਂ ਦਾ ਅਸਲੀ ਸਰੂਪ ਨਹੀਂ, ਕੋਲ ਆਉਣ ਵਾਲਿਆਂ ਨੂੰ ਜਿਹੜੇ ਵਰਹੇ ਦੇ ਵਰਹੇ ਸਦਾ ਇੱਕੋ ਪਰਕਾਰ ਦੇ ਬਲੀਦਾਨ ਚੜ੍ਹਾਉਂਦੇ ਹਨ ਕਦੇ ਸੰ-ਪੂ-ਰ-ਨ ਨਹੀਂ ਕਰ ਸੱਕਦੀ ਹੈ।*

ਸੰ-ਪੂ-ਰ-ਨ, ਇਹ ਉੱਥੇ ਹੈ, "ਸੰਪੂਰਨ।"

*...ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ;...*

*ਇਸ ਲਈ ਤੁਸੀਂ ਸੰਪੂਰਣ ਹੋਵੋ, ਜਿਵੇਂ ਤੁਹਾਡਾ...ਸਵਰਗ ਵਿੱਚ ਪਿਤਾ ਸੰਪੂਰਣ ਹੈ।*

102 "ਸ਼ਰਾ ਜਿਹੜੀ ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ ਹੀ ਹੈ," ਸਾਰੇ ਨਿਯਮ ਅਤੇ ਬਪਤਿਸਮੇ ਅਤੇ...ਬਾਕੀ ਸਾਰੀਆਂ ਚੀਜ਼ਾਂ ਜੋ ਉਹਨਾਂ ਕੋਲ ਸਨ, "ਭਗਤੀ ਕਰਨ ਵਾਲੇ ਨੂੰ ਕਦੇ ਵੀ ਸੰਪੂਰਨ ਨਹੀਂ ਕਰ ਸਕੇ।" ਅਤੇ, ਫਿਰ ਵੀ, ਪਰਮੇਸ਼ੁਰ ਨੂੰ "ਸੰਪੂਰਨ" ਦੀ ਲੋੜ ਹੈ।

103 ਤੁਸੀਂ ਨਾਜ਼ਰੀਨ ਕਲੀਸਿਯਾ ਵਿੱਚ ਸ਼ਾਮਲ ਹੋਵੋ, ਇਹ ਤੁਹਾਨੂੰ ਕਦੇ ਵੀ ਸੰਪੂਰਨ ਨਹੀਂ ਬਣਾਵੇਗੀ। ਤੁਸੀਂ ਬੈਪਟਿਸਟ ਕਲੀਸਿਯਾ, ਪੈਂਟੇਕੋਸਟਲ ਵਿੱਚ ਸ਼ਾਮਲ ਹੋਵੋ, ਇਹ ਜੋ ਵੀ ਹੈ, ਇਹ ਤੁਹਾਨੂੰ ਕਦੇ ਵੀ ਸੰਪੂਰਨ ਨਹੀਂ ਬਣਾਏਗਾ। ਤੁਸੀਂ ਇੱਕ ਚੰਗੇ, ਵਫ਼ਾਦਾਰ ਆਦਮੀ ਹੋਣ ਕਰਕੇ, ਤੁਸੀਂ ਕਦੇ ਵੀ ਸੰਪੂਰਨ ਨਹੀਂ ਬਣ ਸਕੋਗੇ। ਤੁਸੀਂ ਇੱਕ ਚੀਜ਼ ਦੇ ਯੋਗ ਨਹੀਂ ਹੋ ਸਕਦੇ। ਤੁਹਾਡੇ ਬਾਰੇ

ਕੁਝ ਵੀ ਨਹੀਂ ਹੈ, ਯੋਗ ਹੋਣ ਲਈ। ਤੁਸੀਂ ਗੁਆਚੇ ਹੋਏ ਹੋ। ਤੁਸੀਂ ਕਹਿੰਦੇ ਹੋ, "ਅੱਛਾ, ਮੈਂ ਸ਼ਰਾ ਦੀ ਪਾਲਣਾ ਕਰਦਾ ਹਾਂ। ਮੈਂ ਸਬਤ ਰੱਖਦਾ ਹਾਂ। ਮੈਂ *ਇਹ* ਰੱਖਦਾ ਹਾਂ, ਪਰਮੇਸ਼ੁਰ ਦੇ ਸਾਰੇ ਨਿਯਮ। ਮੈਂ *ਇਹ* ਕਰਦਾ ਹਾਂ।"

104 ਪੌਲੁਸ ਨੇ ਕਿਹਾ, "ਆਓ ਹੁਣ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਪਾਸੇ ਰੱਖ ਦੇਈਏ।"

105 "ਇਹ ਸਭ ਠੀਕ ਹੈ, ਪਰ ਅਸੀਂ *ਇਹ* ਕਰਾਂਗੇ। ਅਸੀਂ ਲੋਕਾਂ ਨੂੰ ਬਪਤਿਸਮਾ ਦੇਵਾਂਗੇ, ਅਤੇ ਅਸੀਂ ਉਨ੍ਹਾਂ ਦੀ ਚੰਗਾਈ ਲਈ ਉਨ੍ਹਾਂ ਤੇ ਹੱਥ ਰੱਖਾਂਗੇ ਅਤੇ ਇਸ ਤਰ੍ਹਾਂ।"

106 ਅਸੀਂ ਇਸਨੂੰ ਲੈ ਸਕਦੇ ਹਾਂ, ਆਇਤ ਤੋਂ ਬਾਅਦ ਆਇਤ, ਉਹਨਾਂ ਵਿੱਚੋਂ ਹਰ ਇੱਕ ਚੀਜ਼। ਬਪਤਿਸਮਾ, ਸਾਨੂੰ ਇਸ ਤੇ ਵਿਸ਼ਵਾਸ ਹੈ। "ਇੱਥੇ ਇੱਕ ਉਮੀਦ, ਇੱਕ ਪ੍ਰਭੂ, ਇੱਕ ਵਿਸ਼ਵਾਸ, ਇੱਕ ਬਪਤਿਸਮਾ ਹੈ।" ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇੱਕ ਬਪਤਿਸਮਾ ਹੈ। ਅਸੀਂ ਮੁਰਦਿਆਂ ਦੇ ਜੀ ਉੱਠਣ ਵਿੱਚ ਵਿਸ਼ਵਾਸ ਕਰਦੇ ਹਾਂ। ਬਿਲਕੁਲ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਮਰਿਆ ਅਤੇ ਦੁਬਾਰਾ ਜੀ ਉੱਠਿਆ। ਸਾਨੂੰ ਇਸ ਤੇ ਵਿਸ਼ਵਾਸ ਹੈ। "ਬਿਮਾਰਾਂ ਲਈ, ਹੱਥ ਰੱਖਣਾ," ਇਹ ਉਹੀ ਹੈ ਜੋ ਇਸ ਨੇ ਕਿਹਾ ਹੈ। "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਤਾਂ ਉਹ ਠੀਕ ਹੋ ਜਾਣਗੇ।" ਸਾਨੂੰ ਇਸ ਤੇ ਵਿਸ਼ਵਾਸ ਹੈ।

ਪਰ ਉਹ ਕੀ ਹੈ? ਪੌਲੁਸ ਨੇ ਕਿਹਾ, "ਇਹ ਸਭ ਮਰੇ ਹੋਏ ਕੰਮ ਹਨ।" ਇਹ ਉਹ ਚੀਜ਼ ਹੈ ਜੋ ਤੁਸੀਂ ਕਰਦੇ ਹੋ।

107 "ਹੁਣ ਸੰਪੂਰਨਤਾ ਵੱਲ ਚੱਲੀਏ।" ਔਹ ਮੇਰੇ! ਅਸੀਂ ਡੇਰੇ ਵਿੱਚ ਆ ਰਹੇ ਹਾਂ, ਨੀਂਹ ਵਿੱਚ ਨਹੀਂ; ਡੇਹਰਾ, ਡੇਹਰਾ ਖੁਦ। ਇਹ ਬੁਨਿਆਦ ਹੈ: ਸ਼ਰਾ, ਅਤੇ ਧਾਰਮਿਕਤਾ, ਅਤੇ—ਅਤੇ—ਅਤੇ—ਅਤੇ ਕਲੀਸਿਯਾ ਵਿਚ ਸ਼ਾਮਲ ਹੋਣਾ, ਅਤੇ ਬਪਤਿਸਮਾ ਲੈਣਾ, ਅਤੇ—ਅਤੇ ਹੱਥ ਰੱਖਣਾ। ਉਹ ਸਾਰੇ ਕਲੀਸਿਯਾ ਦੇ ਆਦੇਸ਼ ਹਨ।

"ਪਰ ਹੁਣ ਆਓ ਸੰਪੂਰਨਤਾ ਵਿੱਚ ਚੱਲੀਏ।" ਅਤੇ ਕੇਵਲ ਇੱਕ ਹੀ ਹੈ ਜੋ ਸੰਪੂਰਨ ਹੈ, ਉਹ ਯਿਸੂ ਹੈ।

108 ਅਸੀਂ ਉਸ ਵਿੱਚ ਕਿਵੇਂ ਆਉਂਦੇ ਹਾਂ? "ਮੈਥੋਡਿਸਟਾਂ ਦੁਆਰਾ?" ਨਹੀਂ। "ਪੈਨਟੇਕੋਸਟਲ?" ਨਹੀਂ। "ਬੈਪਟਿਸਟ?" ਨਹੀਂ। "ਕਿਸੇ ਕਲੀਸਿਯਾ ਦੁਆਰਾ?" ਨਹੀਂ। "ਰੋਮਨ ਕੈਥੋਲਿਕ?" ਨਹੀਂ।

109 ਅਸੀਂ ਇਸ ਵਿੱਚ ਕਿਵੇਂ ਆਉਂਦੇ ਹਾਂ? ਰੋਮੀਆਂ 8:1।

*ਸੋ ਹੁਣ ਓਹਨਾਂ ਨਾਲ* ਜਿਹੜੇ *ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ…ਜਿਹੜੇ* ਸੰਸਾਰ ਦੀਆਂ ਚੀਜਾਂ *ਪਿੱਛੇ ਨਹੀਂ ਚੱਲਦੇ, ਸਰੀਰ, ਪਰ ਆਤਮਾ* ਦੀਆਂ ਗੱਲਾਂ *ਪਿੱਛੇ*, ਜਿਹੜੇ ਇਸ ਗੱਲ ਤੇ ਕੋਈ ਧਿਆਨ ਨਹੀਂ ਦਿੰਦੇ ਕਿ ਸੰਸਾਰ ਕੋਲ ਕਹਿਣ ਲਈ ਕੀ ਹੈ।

110 ਭਾਵੇਂ ਤੁਸੀਂ ਬਿਮਾਰ ਹੋ, ਡਾਕਟਰ ਕਹਿੰਦਾ ਹੈ, "ਤੁਸੀਂ ਮਰਨ ਵਾਲੇ ਹੋ," ਤੁਸੀਂ ਇਸ ਵੱਲ ਕੋਈ ਧਿਆਨ ਨਾ ਦਿਓ, ਤੁਹਾਨੂੰ ਇਸ ਨਾਲ ਪਰੇਸ਼ਾਨ ਨਾ ਕਰੋ।

111 ਜੇ ਉਹ ਤੁਹਾਨੂੰ ਦੱਸਦੇ ਹਨ, "ਤੁਹਾਨੂੰ ਬਚਾਏ ਜਾਣ ਲਈ ਇੱਕ ਕੈਥੋਲਿਕ ਬਣਨਾ ਪਵੇਗਾ, ਜਾਂ ਇੱਕ ਪ੍ਰੈਸਬੀਟੇਰੀਅਨ, ਜਾਂ *ਇਹ* ਕਰਨਾ ਪਵੇਗਾ," ਤੁਸੀਂ ਇਸ ਵੱਲ ਕੋਈ ਧਿਆਨ ਨਾ ਦਿਓ।

"ਇਸ ਲਈ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜਾ ਦਾ ਕੋਈ ਹੁਕਮ ਨਹੀਂ ਹੈ, ਜੋ ਸਰੀਰ ਦੇ ਅਨੁਸਾਰ ਨਹੀਂ ਚੱਲਦੇ, ਉਹ ਚੀਜ਼ਾਂ ਜਿਹੜੀਆਂ ਉਹ ਦੇਖਦੇ ਹਨ।" ਹਰ ਚੀਜ਼ ਜੋ ਤੁਸੀਂ ਆਪਣੀਆਂ ਅੱਖਾਂ ਨਾਲ ਦੇਖਦੇ ਹੋ ਉਹ ਧਰਤੀ ਦੀ ਹੈ।

112 ਪਰ ਇਹ ਉਹ ਚੀਜ਼ਾਂ ਹਨ ਜੋ ਤੁਸੀਂ ਆਪਣੀ ਆਤਮਾ ਵਿੱਚ, ਬਚਨ ਦੁਆਰਾ ਵੇਖਦੇ ਹੋ! ਬਚਨ ਪਰਮੇਸ਼ੁਰ ਦਾ ਵੇਖਣ ਵਾਲਾ ਸ਼ੀਸ਼ਾ ਹੈ ਜੋ ਦਰਸਾਉਂਦਾ ਹੈ ਕਿ ਉਹ ਕੀ ਹੈ ਅਤੇ ਤੁਸੀਂ ਕੀ ਹੋ। ਹਲਲੂਯਾਹ! ਔਹ, ਮੇਰੇ! ਇਹ ਤੁਹਾਨੂੰ ਦੱਸਦਾ ਹੈ। ਇਹ ਦੁਨੀਆ ਦੀ ਇੱਕੋ ਇੱਕ ਕਿਤਾਬ ਹੈ ਜੋ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਕਿੱਥੋਂ ਆਏ ਹੋ, ਤੁਸੀਂ ਕੌਣ ਹੋ, ਅਤੇ ਤੁਸੀਂ ਕਿੱਥੇ ਜਾ ਰਹੇ ਹੋ। ਮੈਨੂੰ ਸਾਹਿਤ ਦਾ ਕੋਈ ਵੀ ਪੰਨਾ ਦਿਖਾਓ, ਕਿਤੇ ਵੀ, ਸਾਰੇ ਵਿਗਿਆਨ ਜਾਂ ਕਿਸੇ ਹੋਰ ਚੀਜ਼ ਨਾਲ, ਹਰ ਚੰਗੀ ਕਿਤਾਬ ਜੋ ਲਿਖੀ ਗਈ ਹੈ, ਇਸ ਵਿੱਚੋਂ ਕੋਈ ਵੀ ਤੁਹਾਨੂੰ ਇਹ ਨਹੀਂ ਦੱਸ ਸਕਦੀ। *ਇਹ* ਪਰਮੇਸ਼ੁਰ ਦਾ ਵੇਖਣ ਵਾਲਾ ਸ਼ੀਸ਼ਾ ਹੈ, ਜੋ ਦਿਖਾਉਂਦਾ ਹੈ ਕਿ ਉਹ ਕੀ ਹੈ ਅਤੇ ਤੁਸੀਂ ਕੀ ਹੋ। ਫਿਰ, ਵਿਚਕਾਰ ਲਹੂ-ਦੀ-ਲਕੀਰ ਹੈ, ਜੋ ਇਹ ਦਰਸਾਉਂਦੀ ਹੈ ਕਿ ਜੇਕਰ ਤੁਸੀਂ ਚੋਣ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਕੀ ਹੋ ਸਕਦੇ ਹੋ। ਉਥੇ ਤੁਸੀਂ ਹੋ।

113 "ਇੱਕੋ ਆਤਮਾ ਦੁਆਰਾ," ਹੁਣ, ਪਹਿਲਾ ਕੁਰਿੰਥੀਆਂ 12। ਅਸੀਂ ਉਸ ਸਰੀਰ ਵਿੱਚ ਕਿਵੇਂ ਆਉਂਦੇ ਹਾਂ?

"ਹੱਥ ਮਿਲਾ ਕੇ?" ਨਹੀਂ, ਸ਼੍ਰੀਮਾਨ। "ਚਰਚ ਵਿਚ ਸ਼ਾਮਲ ਹੋ ਕੇ?" ਨਹੀਂ, ਸ਼੍ਰੀਮਾਨ। "ਅੱਗੇ ਨੂੰ, ਪਿੱਛੇ ਨੂੰ ਬਪਤਿਸਮਾ ਲੈ ਕੇ? ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ? ਯਿਸੂ ਮਸੀਹ ਦਾ ਨਾਮ? ਸ਼ਰੋਨ ਦਾ ਗੁਲਾਬ, ਦੂਣ ਦਾ ਸੋਸਨ, ਸਵੇਰ ਦਾ ਤਾਰਾ? ਕੁਝ ਵੀ ਜੋ ਤੁਸੀਂ ਚਾਹੁੰਦੇ ਹੋ?"

ਇਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। "ਕੇਵਲ ਪਰਮੇਸ਼ੁਰ ਪ੍ਰਤੀ ਇੱਕ ਸ਼ੁੱਧ ਅੰਤਹਕਰਨ ਦਾ ਇੱਕ ਜਵਾਬ ਹੈ।" ਅਤੇ ਫਿਰ ਵੀ ਅਸੀਂ ਹੰਗਾਮਾ ਕਰਦੇ ਹਾਂ, ਅਤੇ ਕਰਿੱਝਦੇ ਹਾਂ, ਅਤੇ ਬਹਿਸ ਕਰਦੇ ਹਾਂ, ਅਤੇ ਵਿਤਕਰਾ ਕਰਦੇ ਹਾਂ। ਇਹ ਠੀਕ ਹੈ। "ਪਰ ਇਹ ਸਭ ਮਰੇ ਹੋਏ ਕੰਮ ਹਨ।" ਅਸੀਂ ਸੰਪੂਰਨਤਾ ਵੱਲ ਜਾ ਰਹੇ ਹਾਂ।

114 ਇਹ ਉਹ ਚੀਜ਼ਾਂ ਹਨ ਜੋ ਮੈਂ ਕੀਤੀਆਂ ਹਨ। ਇੱਕ ਸੇਵਕ ਨੇ ਤੁਹਾਨੂੰ ਬਪਤਿਸਮਾ ਦਿੱਤਾ। ਭਾਵੇਂ ਉਸਨੇ ਤੁਹਾਨੂੰ ਅੱਗੇ, ਪਿੱਛੇ, ਜਾਂ ਤਿੰਨ ਵਾਰ, ਚਾਰ ਵਾਰ, ਜਾਂ ਇੱਕ ਵਾਰ ਬਪਤਿਸਮਾ ਦਿੱਤਾ, ਜਾਂ ਉਸਨੇ ਇਹ ਕਿਵੇਂ ਕੀਤਾ, ਉਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਤੁਸੀਂ ਸਿਰਫ਼ ਉਸ ਕਲੀਸਿਯਾ ਦੀ ਸੰਗਤ ਵਿੱਚ ਬਪਤਿਸਮਾ ਲਿਆ ਹੈ, ਕਿਸੇ ਵੀ ਤਰ੍ਹਾਂ, ਉਸ ਕਲੀਸਿਯਾ ਨੂੰ ਸਾਬਤ ਕਰਦੇ ਹੋਏ: ਤੁਸੀਂ ਮਸੀਹ ਦੀ ਮੌਤ, ਦਫ਼ਨਾਉਣ ਅਤੇ ਜੀ ਉੱਠਣ ਵਿੱਚ ਵਿਸ਼ਵਾਸ ਕਰਦੇ ਹੋ। ਹੱਥ ਰੱਖਣ ਵਿੱਚ, ਬਿਮਾਰਾਂ ਨੂੰ ਚੰਗਾ ਕਰਨ ਲਈ, ਇਹ ਸ਼ਾਨਦਾਰ ਹੈ, ਪਰ, ਇਹ ਸਭ ਕੁਦਰਤੀ ਹੈ, ਅਤੇ ਉਹ ਸਰੀਰ ਦੁਬਾਰਾ ਉਸੇ ਤਰ੍ਹਾਂ ਮਰ ਜਾਵੇਗਾ ਜਿਵੇਂ ਤੁਸੀਂ ਜਿਉਂ ਰਹੇ ਹੋ। ਇਹ ਦੁਬਾਰਾ ਮਰ ਜਾਵੇਗਾ। "ਆਓ ਹੁਣ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਪਾਸੇ ਰੱਖ ਦੇਈਏ, ਅਤੇ ਸੰਪੂਰਨਤਾ ਵੱਲ ਚੱਲੀਏ।"

115 ਅਸੀਂ ਸੰਪੂਰਨਤਾ ਕਿਵੇਂ ਪ੍ਰਾਪਤ ਕਰਦੇ ਹਾਂ? ਇਹ ਉਹੀ ਹੈ ਜੋ ਅਸੀਂ ਜਾਣਨਾ ਚਾਹੁੰਦੇ ਹਾਂ।

…ਮਸੀਹ ਨੇ *ਸੰਪੂਰਨ ਕੀਤਾ*…

"ਪਰਮੇਸ਼ੁਰ ਨੇ ਉਸ ਉੱਤੇ ਸਾਡੇ ਸਾਰਿਆਂ ਦੀ ਬਦੀ ਲੱਦ ਦਿੱਤੀ। ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।" ਇਹ ਉਹ ਸਰੀਰ ਹੈ ਜਿਸਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ। ਇਹ ਉਹੀ ਸਰੀਰ ਹੈ। ਕਿਉਂ? ਜੇਕਰ ਤੁਸੀਂ ਉਸ ਸਰੀਰ ਵਿੱਚ ਹੋ, ਤਾਂ ਤੁਸੀਂ ਕਦੇ ਵੀ ਨਿਆਂ ਨਹੀਂ ਦੇਖੋਗੇ, ਤੁਸੀਂ ਕਦੇ ਮੌਤ ਦਾ ਸੁਆਦ ਨਹੀਂ ਚੱਖੋਗੇ। ਤੁਸੀਂ ਮੌਤ, ਨਿਆਂ, ਪਾਪ, ਅਤੇ ਹੋਰ ਸਭ ਕੁਝ ਤੋਂ ਮੁਕਤ ਹੋ, ਜਦੋਂ ਤੁਸੀਂ ਉਸ ਸਰੀਰ ਵਿੱਚ ਹੁੰਦੇ ਹੋ।

116 "ਤੁਸੀਂ ਇਸ ਵਿੱਚ ਕਿਵੇਂ ਆਉਂਦੇ ਹੋ, ਪ੍ਰਚਾਰਕ? ਇਸ ਡੇਰੇ ਵਿੱਚ ਸ਼ਾਮਲ ਹੋ ਕੇ?" ਤੁਸੀਂ ਗੁਆਚੇ ਹੋਏ ਹੋ, ਫਿਲਹਾਲ। ਸ਼ਾਮਲ ਨਹੀਂ ਹੋ ਸਕਦੇ, ਕਿਸੇ ਵੀ ਤਰ੍ਹਾਂ; ਸਾਡੇ ਕੋਲ ਕੋਈ ਕਿਤਾਬ ਨਹੀਂ ਹੈ। "ਅਸੀਂ ਇਸ ਵਿੱਚ ਕਿਵੇਂ ਆਉਂਦੇ ਹਾਂ? ਕਿਸੇ ਕਲੀਸਿਯਾ ਵਿਚ ਸ਼ਾਮਲ ਹੋ ਕੇ?" ਨਹੀਂ, ਸ਼੍ਰੀ ਮਾਨ। "ਤੁਸੀਂ ਇਸ

ਵਿੱਚ ਕਿਵੇਂ ਆਉਂਦੇ ਹੋ?" ਤੁਸੀਂ ਇਸ ਵਿੱਚ ਜਨਮ ਲਿਆ ਹੈ।

117 ਪਹਿਲੀ ਕੁਰਿੰਥੀਆਂ 12।

*ਕਿਉਂ ਜੋ ਇੱਕੋ ਆਤਮਾ ਨਾਲ ਸਾਨੂੰ ਸਭਨਾਂ ਨੂੰ ਇੱਕ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ,...*

118 ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ, ਅਸੀਂ ਉਸ ਸਰੀਰ ਵਿੱਚ ਬਪਤਿਸਮਾ ਲੈਂਦੇ ਹਾਂ, ਅਤੇ ਪਾਪ ਤੋਂ ਆਜਾਦ ਹਾਂ। ਪਰਮੇਸ਼ੁਰ ਤੁਹਾਨੂੰ ਦੇਖਦਾ ਹੀ ਨਹੀਂ; ਉਹ ਸਿਰਫ਼ ਮਸੀਹ ਨੂੰ ਦੇਖਦਾ ਹੈ। ਅਤੇ ਜਦੋਂ ਤੁਸੀਂ ਉਸ ਸਰੀਰ ਵਿੱਚ ਹੋ, ਪਰਮੇਸ਼ੁਰ ਉਸ ਸਰੀਰ ਦਾ ਨਿਆਂ ਨਹੀਂ ਕਰ ਸਕਦਾ। ਉਸਨੇ ਪਹਿਲਾਂ ਹੀ ਇਸਦਾ ਨਿਆਂ ਕਰ ਦਿੱਤਾ ਹੈ। ਉਸਨੇ ਸਾਡੇ ਨਿਆਂ ਲੈ ਲਏ ਅਤੇ ਸਾਨੂੰ ਅੰਦਰ ਬੁਲਾਇਆ। ਅਤੇ ਵਿਸ਼ਵਾਸ ਦੁਆਰਾ, ਕਿਰਪਾ ਦੁਆਰਾ, ਅਸੀਂ ਚੱਲਦੇ ਹਾਂ ਅਤੇ ਆਪਣੀ ਮਾਫੀ ਨੂੰ ਸਵੀਕਾਰ ਕਰਦੇ ਹਾਂ। ਅਤੇ ਪਵਿੱਤਰ ਆਤਮਾ ਸਾਨੂੰ ਉਸਦੇ ਨਾਲ ਇਸ ਸੰਗਤ ਵਿੱਚ ਲਿਆਉਂਦਾ ਹੈ। "ਅਤੇ ਅਸੀਂ ਸੰਸਾਰ ਦੀਆਂ ਚੀਜ਼ਾਂ ਦੇ ਪਿੱਛੇ ਨਹੀਂ ਚੱਲਦੇ, ਪਰ ਅਸੀਂ ਆਤਮਾ ਵਿੱਚ ਚੱਲਦੇ ਹਾਂ।"

ਜਿਉਂਦਾ ਕੀਤਾ ਹੋਇਆ, ਬਚਨ ਸਾਡੇ ਕੋਲ ਆਇਆ। ਉਹ ਮੇਰੀ ਥਾਂ ਮਰ ਗਿਆ। ਮੈਨੂੰ ਜਿੰਦਾ ਬਣਾਇਆ ਗਿਆ ਹੈ। ਇੱਥੇ ਮੈਂ ਹਾਂ, ਜੋ ਕਦੇ ਪਾਪ ਅਤੇ ਅਪਰਾਧਾਂ ਵਿੱਚ ਮਰਿਆ ਹੋਇਆ ਸੀ, ਜੀਉਂਦਾ ਕੀਤਾ ਗਿਆ ਹੈ। ਮੇਰੀ ਸਾਰੀ ਇੱਛਾ ਉਸ ਦੀ ਸੇਵਾ ਕਰਨ ਦੀ ਹੈ। ਮੇਰਾ ਸਾਰਾ ਪਿਆਰ ਉਸ ਨਾਲ ਹੈ। ਮੇਰੀਆਂ ਸਾਰੀਆਂ ਚਾਲਾਂ ਉਸ ਦੇ ਨਾਮ ਵਿੱਚ ਹੋਣੀਆਂ ਚਾਹੁੰਦੀਆਂ ਹਨ, ਕਿ ਮੈਂ ਜਿੱਥੇ ਵੀ ਜਾਂਦਾ ਹਾਂ, ਜੋ ਕੁਝ ਵੀ ਕਰਦਾ ਹਾਂ, ਉਸ ਦੀ ਵਡਿਆਈ ਕਰਾਂ। ਜੇ ਮੈਂ ਸ਼ਿਕਾਰ ਕਰ ਰਿਹਾ ਹਾਂ, ਜੇ ਮੈਂ ਮੱਛੀਆਂ ਫੜ ਰਿਹਾ ਹਾਂ, ਜੇ ਮੈਂ ਗੇਂਦ ਖੇਡ ਰਿਹਾ ਹਾਂ, ਜੇਕਰ—ਜੇਕਰ ਮੈਂ ਹਾਂ...ਜੋ ਵੀ ਮੈਂ ਕਰ ਰਿਹਾ ਹਾਂ, ਮੈਨੂੰ ਹੋਣਾ ਚਾਹੀਦਾ ਹੈ, "ਮਸੀਹ ਮੇਰੇ ਵਿੱਚ," ਅਜਿਹਾ ਜੀਵਨ, ਜੋ ਆਦਮੀਆਂ ਅੰਦਰ ਇਸ ਤਰ੍ਹਾਂ ਦਾ ਹੋਣ ਲਈ ਇੱਛਾ ਪੈਦਾ ਕਰੇ; ਅਤੇ ਗਿਰਜਿਆਂ ਬਾਰੇ ਬਕਵਾਸ, ਚੁਗਲੀ, ਅਤੇ ਹੰਗਾਮਾ ਨਹੀਂ। ਤੁਸੀਂ ਇਹ ਸਮਝੇ ਗਏ?

"ਇੱਕ ਆਤਮਾ ਦੁਆਰਾ ਅਸੀਂ ਉਸ ਸਰੀਰ ਵਿੱਚ ਬਪਤਿਸਮਾ ਲੈਂਦੇ ਹਾਂ।" "ਅਤੇ ਜਦੋਂ ਮੈਂ ਲਹੂ ਨੂੰ ਦੇਖਾਂਗਾ, ਮੈਂ ਤੁਹਾਡੇ ਕੋਲੋਂ ਲੰਘ ਜਾਵਾਂਗਾ।"

119 ਸੁਣੋ। ਕਿਰਪਾ ਕਰਕੇ, ਆਓ ਇੱਥੇ ਥੋੜ੍ਹਾ ਅੱਗੇ ਪੜ੍ਹੀਏ।

*...ਜੋ ਕਦੇ ਵੀ ਆਉਣ ਵਾਲੇ ਨੂੰ ਸੰਪੂਰਨ ਨਹੀਂ ਬਣਾ ਸਕਦਾ ਸੀ।*

"ਨਹੀਂ ਤਾਂ..." ਦੂਜੀ ਆਇਤ, 10ਵਾਂ ਅਧਿਆਇ।

*ਨਹੀਂ ਤਾਂ ਕੀ ਉਨ੍ਹਾਂ ਦਾ ਚੜ੍ਹਾਉਣਾ ਬੰਦ ਨਾ ਹੋ ਜਾਂਦਾ?*

120 ਜੇ ਉਹ ਵਿਅਕਤੀ ਨੂੰ ਸੰਪੂਰਨ ਬਣਾ ਸਕਦਾ...ਅਤੇ ਪਰਮੇਸ਼ੁਰ ਨੂੰ ਸੰਪੂਰਨਤਾ ਦੀ ਲੋੜ ਹੈ। ਜੇ ਸ਼ਰਾ ਨੂੰ ਦੀ ਪਾਲਣਾ ਕਰਨਾ, ਜੇਕਰ ਸਾਰੇ ਹੁਕਮਾਂ ਦੀ ਪਾਲਣਾ ਕਰਨਾ, ਤੁਹਾਨੂੰ ਸੰਪੂਰਨ ਬਣਾ ਦਿੰਦਾ, ਤਾਂ ਫਿਰ ਇੱਥੇ ਕਿਸੇ ਵੀ ਹੋਰ ਚੀਜ ਦੀ ਕੋਈ ਲੋੜ ਨਹੀਂ—ਨਹੀਂ ਹੈ; ਤੁਸੀਂ ਪਹਿਲਾਂ ਹੀ ਸੰਪੂਰਨ ਬਣਾ ਦਿੱਤੇ ਗਏ ਹੋ। ਕਿਉਂਕਿ, ਜਦੋਂ ਤੁਸੀਂ ਸੰਪੂਰਨ ਹੁੰਦੇ ਹੋ, ਤਾਂ ਤੁਸੀਂ ਸਦੀਪਕ ਹੁੰਦੇ ਹੋ। ਕਿਉਂਕਿ, ਪਰਮੇਸ਼ੁਰ ਕੇਵਲ ਇੱਕ ਹੀ ਸਦੀਪਕ ਹੈ, ਅਤੇ ਇਕੱਲਾ ਪਰਮੇਸ਼ੁਰ ਹੀ ਸੰਪੂਰਨ ਹੈ। ਅਤੇ ਤੁਸੀਂ ਸਿਰਫ਼ ਇੱਕ ਤਰੀਕੇ ਨਾਲ ਸਦੀਪਕ ਬਣ ਸਕਦੇ ਹੋ, ਉਹ ਹੈ ਕਿ ਤੁਸੀਂ ਪਰਮੇਸ਼ੁਰ ਦਾ ਹਿੱਸਾ ਬਣ ਜਾਓ। [ਟੇਪ ਤੇ ਖਾਲੀ ਥਾਂ—ਸੰਪਾ.]

> *...ਇੱਕ ਵਾਰੀ ਸ਼ੁੱਧ ਹੋ ਜਾਂਦੇ ਤਾਂ...ਓਹਨਾਂ ਨੂੰ ਪਾਪਾਂ ਦਾ ਖਿਆਲ ਹੀ ਨਾ ਹੁੰਦਾ।*

ਕੀ? "ਭਗਤੀ ਕਰਨ ਵਾਲਾ ਇੱਕ ਵਾਰ ਸ਼ੁੱਧ ਕੀਤਾ ਗਿਆ, ਤਾਂ ਕੋਈ ਹੋਰ *ਖਿਆਲ* ਨਹੀਂ ਹੈ..." ਜੇ ਤੁਸੀਂ ਇਸਦਾ ਅਨੁਵਾਦ ਲਿਖਦੇ ਹੋ, ਤਾਂ ਇਹ ਹੈ "ਇੱਛਾ"।

> ...ਭਗਤੀ ਕਰਨ ਵਾਲਾ ਇੱਕ ਵਾਰ *ਸ਼ੁੱਧ ਕੀਤਾ ਗਿਆ*...ਉਸ ਕੋਲ਼ ਪਾਪ *ਦੀ* ਕੋਈ *ਹੋਰ* ਇੱਛਾ *ਨਹੀਂ* ਹੈ।

> ...ਜੇਕਰ ਭਗਤੀ ਕਰਨ ਵਾਲੇ ਨੂੰ *ਇੱਕ ਵਾਰ ਸ਼ੁੱਧ ਕੀਤਾ ਗਿਆ ਸੀ*...

121 ਤੁਸੀਂ ਹੁਣ ਉੱਪਰ ਜਾਂਦੇ ਹੋ ਅਤੇ ਕਹਿੰਦੇ ਹੋ, "ਔਹ, ਹਲਲੂਯਾਹ, ਮੈਂ ਬੀਤੀ ਰਾਤ ਬਚਾਇਆ ਗਿਆ ਸੀ। ਪਰ, ਖੈਰ, ਪਰਮੇਸ਼ੁਰ ਭਲਾ ਕਰੇ, ਉਹ ਮੈਨੂੰ ਪਿੱਛੇ ਲੈ ਗਈ। ਹਲਲੂਯਾਹ, ਕਿਸੇ ਦਿਨ ਮੈਂ ਦੁਬਾਰਾ ਬਚਾਇਆ ਜਾਵਾਂਗਾ।" ਤੁਸੀਂ ਗਰੀਬ ਅਨਾੜੀ ਅਨਪੜ੍ਹ ਹੋ। ਇਹ ਇਸ ਤਰ੍ਹਾਂ ਨਹੀਂ ਹੈ।

122 "ਇੱਕ ਵਾਰੀ ਸ਼ੁੱਧ ਹੋ ਜਾਣ ਵਾਲੇ ਭਗਤ ਨੂੰ ਪਾਪ ਦੀ ਇੱਛਾ ਨਹੀਂ ਰਹਿੰਦੀ," ਬਾਈਬਲ ਨੇ ਕਿਹਾ। ਸੁਣੋ, ਜਿਵੇਂ ਅਸੀਂ ਪੜ੍ਹਦੇ ਹਾਂ, ਸਿਰਫ਼ ਇੱਕ ਮਿੰਟ।

> *ਪਰ ਇਨ੍ਹਾਂ ਬਲੀਦਾਨਾਂ ਤੋਂ*...ਵਰਹੇ ਦੇ ਵਰਹੇ ਪਾਪ ਚੇਤੇ ਆਉਂਦੇ ਹਨ

123 ਹੁਣ ਅਸੀਂ ਹੇਠਾਂ ਉਤਰਨ ਜਾ ਰਹੇ ਹਾਂ, 8ਵੀਂ ਆਇਤ ਤੇ ਜਾਣ ਲਈ, ਸਮਾਂ ਬਚਾਉਣ ਲਈ, ਅਤੇ ਜਿੱਥੇ ਮੈਂ ਜਾਣਾ ਚਾਹੁੰਦਾ ਹਾਂ।

*ਉੱਪਰ ਜੋ ਕਹਿੰਦਾ ਹੈ, ਭਈ ਤੈਂ ਬਲੀਦਾਨਾਂ ਅਤੇ ਭੇਟਾਂ ਅਤੇ ਹੋਮਬਲੀਆਂ...ਪਾਪਬਲੀਆਂ ਨੂੰ ਨਾ ਚਾਹਿਆ, ਨਾ ਤੂੰ ਉਨ੍ਹਾਂ ਤੋਂ ਪਰਸੰਨ ਹੋਇਆ; ਪਰ ਏਹ ਸ਼ਰਾ ਦੇ ਅਨੁਸਾਰ ਚੜ੍ਹਾਏ ਜਾਂਦੇ ਹਨ;*

124 9ਵੀਂ ਆਇਤ।

*ਤਦ ਓਨ ਆਖਿਆ, ਵੇਖ, ਮੈਂ ਤੇਰੀ ਇੱਛਿਆ ਨੂੰ ਪੂਰਿਆਂ ਕਰਨ ਆਇਆ ਹਾਂ, ਹੇ ਪਰਮੇਸ਼ੁਰ। ਉਹ ਪਹਿਲੇ ਨੂੰ ਹਟਾਉਂਦਾ ਹੈ... ਹਟਾਉਂਦਾ...ਉਹ ਪਹਿਲੇ ਨੂੰ ਹਟਾਉਂਦਾ ਹੈ,* ਜੋ ਸ਼ਰਾ ਹੈ, *ਭਈ ਦੂਏ ਨੂੰ ਕਾਇਮ ਕਰੇ।*

125 ਕਾਸ਼ ਸਾਡੇ ਕੋਲ ਇਸ ਤੇ ਰਹਿਣ ਦਾ ਸਮਾਂ ਹੁੰਦਾ। ਜਿੰਨਾ ਚਿਰ ਤੁਸੀਂ ਇੱਕ ਪ੍ਰੈਸਬੀਟੇਰੀਅਨ, ਜਾਂ ਪੈਂਟੇਕੋਸਟਲ, ਜਾਂ ਬੈਪਟਿਸਟ, ਜਾਂ ਮੈਥੋਡਿਸਟ ਹੋ, ਉਹ ਤੁਹਾਡੇ ਨਾਲ ਕਦੇ ਵੀ ਕੁਝ ਨਹੀਂ ਕਰ ਸਕਦਾ। ਉਸ ਨੇ ਇਹ ਸਭ ਕੁਝ ਦੂਰ ਕਰਨਾ ਹੈ, ਪਹਿਲਾਂ, ਵੇਖੋ, ਤਾਂ ਜੋ ਉਹ ਦੂਏ ਨੂੰ ਕਾਇਮ ਕਰ ਸਕੇ। ਜਿੰਨਾ ਚਿਰ ਤੁਸੀਂ ਕਹਿੰਦੇ ਹੋ, "ਅੱਛਾ, ਮੈਂ ਇੱਕ ਮੈਥੋਡਿਸਟ ਹਾਂ।" ਆਹ, ਮੈਥੋਡਿਸਟਾਂ, ਜਾਂ ਬੈਪਟਿਸਟਾਂ, ਜਾਂ ਪੈਂਟੇਕੋਸਟਲ ਦੇ ਵਿਰੁੱਧ ਕੁਝ ਨਹੀਂ ਹੈ। ਪਰ, ਭਾਈ, ਉਸਦਾ ਇਹ—ਇਹ ਮਤਲਬ ਨਹੀਂ ਹੈ। ਤੁਹਾਨੂੰ ਸੰਪੂਰਨਤਾ ਵੱਲ ਜਾਣਾ ਪਵੇਗਾ, ਜੋ ਮਸੀਹ ਵਿੱਚ ਹੈ।

126 ਹੁਣ ਇਸ ਨੂੰ ਦੇਖੋ, ਸਿਰਫ਼ ਇੱਕ ਮਿੰਟ।

*ਉਸੇ ਇੱਛਿਆ ਕਰਕੇ...ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ।*

127 ਹੂੰ? ਆਓ ਥੋੜਾ ਹੋਰ ਅੱਗੇ ਪੜ੍ਹੀਏ, ਅਤੇ ਇਸਨੂੰ ਫੜੀ ਰੱਖੋ। ਜਦੋਂ ਅਸੀਂ ਪੜ੍ਹ ਰਹੇ ਹਾਂ ਤਾਂ ਇਸ ਨੂੰ ਸਹਿਜੇ ਨਾਲ ਜਾਣ ਦਿਓ, "ਇੱਕੋ ਵਾਰ ਵਿੱਚ।"

*ਤੇ ਹਰੇਕ ਜਾਜਕ ਨਿੱਤ ਖੜਾ ਹੋ ਕੇ ਉਪਾਸਨਾ ਕਰਦਾ ਹੈ ਅਤੇ ਇੱਕੋ ਪਰਕਾਰ ਦੇ ਬਲੀਦਾਨ, ਜਿਹੜੇ ਪਾਪਾਂ ਨੂੰ ਕਦੇ ਲੈ ਜਾ ਨਹੀਂ ਸੱਕਦੇ ਵਾਰ ਵਾਰ ਚੜ੍ਹਾਉਂਦਾ ਹੈ:*

*ਪਰ ਇਹ ਮਨੁੱਖ,...*

ਕੀ ਤੁਸੀ ਤਿਆਰ ਹੋ? ਤੁਸੀਂ ਹੁਣ ਆਪਣੇ ਬਸਤਰ ਨੂੰ ਖੋਲ੍ਹਿਆ ਹੈ, ਇਸ ਲਈ ਇਹ ਟਲੇਗਾ ਨਹੀਂ, ਇਹ ਸਿੱਧਾ ਦਿਲ ਵਿੱਚ ਜਾਵੇਗਾ? "ਪਰ ਇਹ ਮਨੁੱਖ।" ਕਿਹੜਾ ਆਦਮੀ? ਨਾ ਰੋਮ ਦਾ ਪੋਪ, ਨਾ ਮੈਥੋਡਿਸਟ ਚਰਚ ਦਾ ਬਿਸ਼ਪ, ਨਾ ਕਿਸੇ ਹੋਰ ਚਰਚ ਦਾ।

*ਪਰ ਇਹ ਮਨੁੱਖ, ਮਸੀਹ, ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ, ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ;*

*ਇਦੋਂ ਅੱਗੇ ਉਡੀਕ ਕਰਦਾ ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ।*

ਦੇਖੋ। ਇੱਥੇ ਉਹ ਆਉਂਦੀ ਹੈ।

*ਕਿਉਂ ਜੋ ਉਹ ਨੇ ਇੱਕੋ* ਭੇਟ ਨਾਲ ਸੰ-ਪੂ-ਰ-ਨ, *ਉਸ ਨੇ ਸੰਪੂਰਨ ਕੀਤਾ ਹੈ...*

"ਅਗਲੀ ਬੇਦਾਰੀ ਤੱਕ"? ਉਸ ਨੇ ਕੀ ਕਿਹਾ?

*...ਉਸ ਨੇ ਉਨ੍ਹਾਂ ਨੂੰ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸਦਾ ਲਈ ਸੰਪੂਰਨ ਕੀਤਾ ਹੈ।*

ਕੀ ਤੁਸੀਂ ਇਹ ਸਮਝੇ ਗਏ ਹੋ? "ਆਓ ਸੰਪੂਰਨਤਾ ਵੱਲ ਵਧੀਏ।"

128 ਹੁਣ ਤੁਸੀਂ ਹੋਲੀਨੈਸ ਵਾਲੇ ਲੋਕ ਆਖਦੇ ਹੋ, "ਔਹ, ਹਾਂ, ਅਸੀਂ ਪਵਿੱਤਰਤਾ ਵਿੱਚ ਵਿਸ਼ਵਾਸ ਕਰਦੇ ਹਾਂ। ਹਲਲੂਯਾਹ! ਅਸੀਂ ਪਵਿੱਤਰਤਾ ਵਿੱਚ ਵਿਸ਼ਵਾਸ ਰੱਖਦੇ ਹਾਂ।" ਪਰ ਤੁਸੀਂ ਆਪਣੀ ਹੀ ਲੈ ਰਹੇ ਹੋ। ਤੁਸੀਂ ਬੱਸ *ਇਸ* ਨੂੰ ਛੱਡ ਦਿਓ ਅਤੇ *ਉਸ* ਨੂੰ ਛੱਡ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ।

ਜਦੋਂ ਤੱਕ ਮਸੀਹ ਦਰਵਾਜ਼ਾ ਨਹੀਂ ਖੋਲ੍ਹਦਾ ਅਤੇ ਇਸਨੂੰ ਤੁਹਾਡੇ ਦਿਲ ਵਿੱਚ ਜਿਉਂਦਾ ਨਹੀਂ ਕਰਦਾ, ਅਤੇ ਤੁਸੀਂ ਇੱਕ ਅਜਿਹੀ ਜਗ੍ਹਾ ਨਹੀਂ ਬਣ ਜਾਂਦੇ ਹੋ ਜਿੱਥੇ ਪਾਪ ਅਤੇ ਇੱਛਾ ਮਰ ਜਾਂਦੀ ਹੈ, ਇਹ ਸਭ ਖਤਮ ਹੋ ਜਾਂਦਾ ਹੈ। ਤਦ, ਉਹ ਤੁਹਾਡੀ ਆਪਣੀ ਸਵੈ-ਧਰਮਿਕਤ ਦੂਰ ਕਰ ਦਿੰਦਾ ਹੈ, ਤਾਂ ਜੋ ਉਹ ਆਪਣੇ ਆਪ ਨੂੰ ਤੁਹਾਡੇ ਅੰਦਰ ਕਾਇਮ ਕਰ ਸਕੇ। "ਅਤੇ ਇਹ ਮਸੀਹ ਹੈ, ਪਰਮੇਸ਼ੁਰ ਦਾ ਪੁੱਤਰ, ਤੁਹਾਡੇ ਵਿੱਚ, ਮਹਿਮਾ ਦੀ ਆਸ਼ਾ।"

*...ਆਓ ਅਸੀਂ ਸੰਪੂਰਨਤਾ ਵੱਲ ਚੱਲੀਏ;*

129 ਅਸੀਂ ਸੰਪੂਰਣ ਕਿਵੇਂ ਹੋ ਸਕਦੇ ਹਾਂ? ਮਸੀਹ ਦੀ ਮੌਤ ਦੁਆਰਾ। ਚਰਚ ਵਿਚ ਸ਼ਾਮਲ ਹੋਣ ਦੁਆਰਾ ਨਹੀਂ। ਸਾਡੇ ਚੰਗੇ ਕੰਮਾਂ ਰਾਹੀਂ ਨਹੀਂ, ਜੋ ਅਸੀਂ ਕਰਦੇ ਹਾਂ। ਇਹ ਸਭ ਠੀਕ ਹੈ। ਇਸ ਲਈ ਨਹੀਂ ਕਿ ਅਸੀਂ *ਇਸ* ਤਰੀਕੇ ਜਾਂ *ਉਸ* ਤਰੀਕੇ ਨਾਲ ਬਪਤਿਸਮਾ ਲਿਆ ਸੀ। ਇਸ ਲਈ ਨਹੀਂ ਕਿ ਅਸੀਂ, ਹੱਥ ਰੱਖਣ ਦੁਆਰਾ ਚੰਗੇ ਕੀਤੇ ਗਏ ਸੀ। ਇਹਨਾਂ ਵਿੱਚੋਂ ਕਿਸੇ ਹੋਰ ਚੀਜ਼ ਕਰਕੇ ਨਹੀਂ, "ਅਸੀਂ ਮੌਤ, ਦਫ਼ਨਾਉਣ ਅਤੇ ਪੁਨਰਉਥਾਨ ਵਿੱਚ ਵਿਸ਼ਵਾਸ ਕਰਦੇ ਹਾਂ।"

130 ਪੌਲੁਸ ਨੇ ਕਿਹਾ, "ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ," ਇਹ ਦੋਵੇਂ ਬੋਲੀਆਂ ਹਨ ਜੋ ਸਮਝੀਆਂ ਜਾਂਦੀਆਂ ਹਨ ਅਤੇ ਜਿਹੜੀਆਂ ਨਹੀਂ ਸਮਝੀਆਂ ਜਾ ਸਕਦੀਆਂ, ਉਹਨਾਂ ਦੀ ਵਿਆਖਿਆ ਕਰਨੀ ਪੈਂਦੀ ਹੈ, "ਮੈਂ ਕੁਝ ਵੀ ਨਹੀਂ। ਭਾਵੇਂ ਮੇਰੇ ਕੋਲ ਗਿਆਨ ਦਾ ਦਾਨ ਹੋਵੇ ਅਤੇ ਮੇਰੇ ਕੋਲ ਪਰਮੇਸ਼ੁਰ ਦੀ ਸਾਰੀ ਬੁੱਧੀ ਹੋਵੇ," ਬਾਈਬਲ ਦੀ ਵਿਆਖਿਆ ਕਰ ਸਕਦਾ ਹੈ, ਤੋਂ...ਉਸ ਨੂੰ ਇਕੱਠੇ ਬੰਨ੍ਹ ਸਕਦਾ ਹੈ, "ਮੈਂ ਕੁਝ ਵੀ ਨਹੀਂ ਹਾਂ।" ਫਿਰ ਸਕੂਲ ਜਾਣ ਦਾ ਜਿਆਦਾ ਫਾਇਦਾ ਨਹੀਂ ਹੈ, ਕੀ ਹੈ, ਬਾਈਬਲ ਸਿੱਖਣ ਲਈ? "ਭਾਵੇਂ ਮੈਂ ਅਜਿਹੀ ਨਿਹਚਾ ਰੱਖਾਂ ਭਈ ਪਹਾੜਾਂ ਨੂੰ ਹਟਾ ਦਿਆਂ..." ਫਿਰ ਚੰਗਾਈ ਮੁਹਿੰਮਾਂ ਜਿਆਦਾ ਮਾਇਨੇ ਨਹੀਂ ਰੱਖਦੀਆਂ, ਕੀ ਇਹ ਰੱਖਦੀਆਂ ਹਨ? "ਮੈਂ ਕੁਝ ਵੀ ਨਹੀਂ ਹਾਂ। ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ।"

131 "ਔਹ," ਉਹ ਕਹਿੰਦੇ ਹਨ, "ਉਹ ਆਦਮੀ ਧਾਰਮਿਕ ਹੈ।"

132 "ਪਰ ਉਹ ਕੁਝ ਵੀ ਨਹੀਂ," ਪੌਲੁਸ ਨੇ ਕਿਹਾ, "ਕਦੇ ਵੀ ਕੁਝ ਨਾ ਬਣਨਾ।"

133 "ਭਾਵੇਂ ਬੋਲੀਆਂ ਹੋਣ, ਓਹ ਜਾਂਦੀਆਂ ਰਹਿਣਗੀਆਂ; ਭਾਵੇਂ ਅਗੰਮ ਵਾਕ ਹੋਣ, ਓਹ ਮੁੱਕ ਜਾਣਗੇ; ਜਿੱਥੇ ਇਹ ਸਾਰੀਆਂ ਹੋਰ ਚੀਜ਼ਾਂ ਹਨ, ਅਸਫਲ ਹੋ ਜਾਣਗੀਆਂ। ਪਰ ਜਦੋਂ ਉਹ ਆ ਜਾਵੇਗਾ ਜੋ ਸੰਪੂਰਣ ਹੈ, ਤਾਂ ਜੋ ਅਧੂਰਾ ਹੈ ਉਹ ਖਤਮ ਕਰ ਦਿੱਤਾ ਜਾਵੇਗਾ।" ਦੇਖੋ, ਉਹ "ਸੰਪੂਰਣ।" ਸੰਪੂਰਣ ਕੀ ਹੈ? ਪ੍ਰੇਮ। ਪ੍ਰੇਮ ਕੀ ਹੈ? ਪਰਮੇਸ਼ੁਰ। "ਆਓ ਅਸੀਂ ਇਹਨਾਂ ਸਾਰੇ ਛੋਟੇ ਮਰੇ ਹੋਏ ਕੰਮਾਂ ਅਤੇ ਨਿਯਮਾਂ ਨੂੰ ਪਾਸੇ ਰੱਖੀਏ, ਅਤੇ ਸੰਪੂਰਨਤਾ ਵੱਲ ਚੱਲੀਏ।" ਤੁਸੀਂ ਇਸ ਨੂੰ ਦੇਖ ਰਹੇ ਹੋ? ਅਸੀਂ ਮਸੀਹ ਦੁਆਰਾ ਸੰਪੂਰਨ ਹੋਏ ਹਾਂ। ਅਸੀਂ ਇਸ ਵਿੱਚ ਕਿਵੇਂ ਆਉਂਦੇ ਹਾਂ? ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ।

134 "ਠੀਕ ਹੈ, ਕੀ ਹੁੰਦਾ ਹੈ?" ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਗਏ ਹੋ।

135 "ਅੱਛਾ, ਕੀ ਮੈਨੂੰ ਹਿੱਲਣਾ, ਕੁਦਣਾ, ਪਵੇਗਾ?" ਤੁਹਾਨੂੰ—ਤੁਹਾਨੂੰ ਕੁਝ ਨਹੀਂ ਕਰਨਾ ਪਵੇਗਾ। ਤੁਸੀਂ ਪਹਿਲਾਂ ਹੀ ਇਹ ਕਰ ਚੁੱਕੇ ਹੋ, ਪਰਮੇਸ਼ੁਰ ਨੇ ਤੁਹਾਨੂੰ ਮੌਤ ਤੋਂ ਜੀਵਨ ਵਿੱਚ ਲਿਆਂਦਾ ਹੈ, ਅਤੇ ਤੁਸੀਂ ਜਿਉਂਦੇ ਹੋ। ਫਿਰ ਤੁਹਾਡੇ ਜੀਵਨ ਦੇ ਫਲ ਇਹ ਦਿਖਾਉਂਦੇ ਹਨ।

136 ਤੁਹਾਡੇ ਵਿੱਚੋਂ ਬਹੁਤ ਸਾਰੇ ਮੈਥੋਡਿਸਟ ਅਤੇ ਨਾਜ਼ਰੀਨ ਨੇ ਓਨਾ ਹੀ ਜ਼ੋਰਦਾਰ ਚੀਕਿਆ ਜਿੰਨਾ ਤੁਸੀਂ ਚੀਕ ਸਕਦੇ ਹੋ, ਇੱਕ ਆਦਮੀ ਦੇ ਖੇਤ ਵਿੱਚੋਂ ਮੱਕੀ ਚੋਰੀ ਕਰਦੇ ਹੋ, ਇਹ ਸਹੀ ਹੈ, ਉਹ ਸਭ ਕੁਝ ਕਰਦੇ ਹੋ ਜੋ ਹੋ ਸਕਦਾ ਹੈ।

137 ਤੁਹਾਡੇ ਵਿੱਚੋਂ ਬਹੁਤ ਸਾਰੇ ਪੈਂਟੇਕੋਸਟਲ ਪਰਾਈਆਂ ਭਾਸ਼ਾਵਾਂ ਵਿੱਚ ਬੋਲੇ, ਜਿਵੇਂ ਗਾਂ ਦੇ ਚਮੜੇ ਉੱਤੇ ਮਟਰ ਡਿੱਗਦੇ ਹੋਣ, ਯਕੀਨਨ, ਸਿੱਧਾ ਬਾਹਰ ਗਏ ਅਤੇ ਅਗਲੇ ਆਦਮੀ ਦੀ ਪਤਨੀ ਨਾਲ ਭੱਜ ਗਏ, ਹਰ ਤਰ੍ਹਾਂ ਦੇ ਕੰਮ ਕੀਤੇ। ਇਹ ਅਜਿਹਾ ਨਹੀਂ ਹੈ, ਭਾਈ।

138 ਪਵਿੱਤਰ ਆਤਮਾ ਦੀ ਥਾਂ ਕਿਸੇ ਵੀ ਸੰਵੇਦਨਾ ਜਾਂ ਕਿਸੇ ਵੀ ਚੀਜ ਨੂੰ ਦੇਣ ਦੀ ਕੋਸ਼ਿਸ਼ ਨਾ ਕਰੋ। ਜਦੋਂ ਨਵਾਂ ਜਨਮ ਆਉਂਦਾ ਹੈ, ਤੁਸੀਂ ਬਦਲ ਜਾਂਦੇ ਹੋ। ਤੁਹਾਨੂੰ ਇਸ ਨੂੰ ਸਾਬਤ ਕਰਨ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਤੁਹਾਡੀ ਜ਼ਿੰਦਗੀ ਇਸ ਨੂੰ ਸਾਬਤ ਕਰਦੀ ਹੈ, ਜਿਵੇਂ ਤੁਸੀਂ ਚੱਲਦੇ ਹੋ। ਤੁਸੀਂ ਪ੍ਰੇਮ, ਸ਼ਾਂਤੀ, ਧੀਰਜ, ਨਰਮਾਈ, ਨਿਮਰਤਾ, ਸੰਜਮ ਹੋ। ਇਹ ਉਹ ਹੈ ਜੋ ਤੁਸੀਂ ਹੋ, ਅਤੇ ਸਾਰਾ ਸੰਸਾਰ ਤੁਹਾਡੇ ਵਿੱਚ ਯਿਸੂ ਮਸੀਹ ਦਾ ਪ੍ਰਤੀਬਿੰਬ ਦੇਖਦਾ ਹੈ।

139 ਹੁਣ, ਬੋਲੀਆਂ ਬੋਲਦੇ ਹੋਏ, ਉੱਥੇ ਚੀਕਣਾ, ਇਹ ਕੇਵਲ਼ ਗੁਣ ਹਨ ਜੋ ਇਸ ਕਿਸਮ ਦੇ ਜੀਵਨ ਦੇ ਨਾਲ ਆਉਂਦੇ ਹਨ।

ਅਤੇ ਤੁਸੀਂ ਉਹਨਾਂ ਗੁਣਾਂ ਦੀ, ਨਕਲ ਕਰ ਸਕਦੇ ਹੋ, ਅਤੇ ਉਹ ਜੀਵਨ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ ਹੋ। ਅਸੀਂ ਇਸਨੂੰ ਦੇਖਦੇ ਹਾਂ। ਕਿੰਨੇ ਜਾਣਦੇ ਹਨ ਕਿ ਇਹ ਸੱਚ ਹੈ? ਯਕੀਨਨ, ਤੁਸੀਂ ਜਾਣਦੇ ਹੋ। ਯਕੀਨਨ ਤੁਸੀਂ ਜਾਣਦੇ ਹੋ। ਮੇਰੇ! ਤੁਸੀਂ ਇਸ ਨੂੰ ਆਪਣੇ ਆਲੇ ਦੁਆਲੇ ਦੇਖਦੇ ਹੋ।

140 ਇਸ ਲਈ, ਇੱਥੇ ਕੁਝ ਵੀ ਨਹੀਂ ਹੈ ਜੋ ਤੁਸੀਂ ਕਹਿ ਸਕਦੇ ਹੋ ਕਿ ਪਵਿੱਤਰ ਆਤਮਾ ਦਾ ਸਬੂਤ ਹੈ, ਜਦੋਂ ਤੱਕ ਇਹ ਤੁਹਾਡੀ ਜ਼ਿੰਦਗੀ ਨਹੀਂ ਹੈ ਜੋ ਤੁਸੀਂ ਜੀਉਂਦੇ ਹੋ। ਹੁਣ, ਜੇ ਤੁਸੀਂ ਪਰਾਈ ਭਾਸ਼ਾ ਵਿੱਚ ਬੋਲਣਾ ਚਾਹੁੰਦੇ ਹੋ, ਤਾਂ ਇਹ ਬਿਲਕੁਲ ਠੀਕ ਹੈ ਜੇਕਰ ਤੁਸੀਂ ਇਸਦਾ ਸਮਰਥਨ ਕਰਨ ਲਈ ਜੀਵਨ ਜੀਉਂਦੇ ਹੋ। ਇਹ ਠੀਕ ਹੈ। ਅਤੇ ਜੇ ਤੁਸੀਂ ਚੀਕਣਾ ਚਾਹੁੰਦੇ ਹੋ, ਠੀਕ ਹੈ, ਇਹ ਚੰਗਾ ਹੈ। ਮੈਂ ਵੀ, ਚੀਕਦਾ ਹਾਂ, ਕਦੇ-ਕਦੇ ਬਹੁਤ ਖੁਸ਼ ਹੋ ਜਾਂਦਾ ਹਾਂ ਮੈਂ ਜੁੱਤੀਆਂ ਦਾ ਇੱਕ ਜੋੜਾ ਨਹੀਂ ਪਾ ਸਕਦਾ; ਮੈਂ ਉਨ੍ਹਾਂ ਵਿੱਚੋਂ ਛਾਲ ਮਾਰਨਾ ਪਸੰਦ ਕਰਦਾ ਹਾਂ। ਅਤੇ ਇਹ ਸ਼ਾਨਦਾਰ ਹੈ। ਮੈਂ ਇਸ ਵਿੱਚ ਵਿਸ਼ਵਾਸ਼ ਕਰਦਾ ਹਾਂ।

141 ਮੈਂ ਦਰਸ਼ਨ ਦੇਖੇ ਹਨ, ਅਤੇ ਬਿਮਾਰ ਠੀਕ ਹੋ ਗਏ, ਮੁਰਦਿਆਂ ਨੂੰ ਜੀ ਉਠਾਇਆ ਗਿਆ ਹੈ। ਜਦੋਂ ਉਹ ਉੱਥੇ ਲੇਟ ਜਾਂਦੇ ਹਨ ਅਤੇ ਡਾਕਟਰ ਚਲੇ ਜਾਂਦੇ ਹਨ ਅਤੇ ਕਹਿੰਦੇ ਹਨ, "ਉਹ ਖਤਮ ਹੋ ਗਏ ਅਤੇ ਚਲੇ ਗਏ," ਉੱਥੇ ਕੁਝ ਘੰਟੇ ਪਏ ਹੋਣ ਤੇ; ਅਤੇ ਪਵਿੱਤਰ ਆਤਮਾ ਸਿੱਧਾ ਹੇਠਾਂ ਆਉਂਦਾ ਹੈ ਅਤੇ ਇੱਕ ਦਰਸ਼ਨ ਦਿਖਾਉਂਦਾ ਹੈ, ਉੱਥੇ ਹੇਠਾਂ ਜਾਂਦਾ ਹੈ ਅਤੇ ਉਸ ਵਿਅਕਤੀ ਨੂੰ ਉੱਪਰ ਚੁੱਕਦਾ ਹੈ। ਮੈਂ ਉਨ੍ਹਾਂ ਨੂੰ ਦੇਖਿਆ ਹੈ ਜੋ ਬੋਲੇ, ਗੂੰਗੇ ਅਤੇ ਅੰਨ੍ਹੇ ਹਨ, ਅਤੇ ਅਪੰਗ ਹਨ, ਤੁਰਦੇ ਹੋਏ। ਅਜਿਹਾ ਨਹੀਂ ਹੁੰਦਾ…ਇਹ ਸਿਰਫ ਗੁਣ ਹਨ।

142 ਭਾਈ, ਬਹੁਤ ਸਮਾਂ ਪਹਿਲਾਂ, ਇਸ ਤੋਂ ਪਹਿਲਾਂ ਕਿ ਸੰਸਾਰ ਦੀ ਕਦੇ ਨੀਂਹ ਰੱਖੀ ਗਈ ਸੀ, ਪਰਮੇਸ਼ੁਰ ਨੇ ਆਪਣੀ ਅਨੰਤ ਕਿਰਪਾ ਦੁਆਰਾ, ਉਸਨੇ ਹੇਠਾਂ ਦੇਖਿਆ, ਅਤੇ ਪੂਰਵ ਗਿਆਨ ਦੁਆਰਾ ਉਸਨੇ ਤੁਹਾਨੂੰ ਅਤੇ ਮੈਨੂੰ ਦੇਖਿਆ। ਉਹ ਜਾਣਦਾ ਸੀ ਕਿ ਅਸੀਂ ਕਿਸ ਯੁੱਗ ਵਿੱਚ ਜੀਵਾਂਗੇ। ਉਹ ਜਾਣਦਾ ਸੀ ਕਿ ਅਸੀਂ ਕੀ ਹੋਵਾਂਗੇ। ਇਸ ਲਈ, ਚੋਣ ਦੁਆਰਾ, ਉਸਨੇ ਸਾਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਚੁਣਿਆ ਹੈ, ਤਾਂ ਜੋ ਉਸ ਦੇ ਨਾਲ ਬੇਦਾਗ ਰਹੀਏ।

143 ਹੁਣ, ਜੇ ਉਸਨੇ ਸਾਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਉਸ ਵਿੱਚ ਬੇਦਾਗ ਹੋਣ ਲਈ ਚੁਣਿਆ ਹੈ, ਅਤੇ ਅਸੀਂ ਸਾਰੇ ਦਾਗਦਾਰ ਪੈਦਾ ਹੋਏ ਹਾਂ, ਅਤੇ ਹੋਰ ਕੁਝ ਨਹੀਂ ਕਰ ਸਕਦਾ…ਕੋਈ ਵੀ ਚੀਜ਼ ਸਾਨੂੰ ਸਾਫ਼ ਨਹੀਂ ਕਰ ਸਕਦੀ, ਤਾਂ ਅਸੀਂ ਬਿਨਾਂ ਕਿਵੇਂ ਹੋਵਾਂਗੇ—ਅਸੀਂ ਬੇਦਾਗ ਕਿਵੇਂ ਹੋਵਾਂਗੇ? "ਉਸਨੇ ਆਪਣੇ ਇਕਲੌਤੇ ਪੁੱਤਰ ਨੂੰ ਭੇਜਿਆ, ਤਾਂ ਜੋ ਜੋ ਕੋਈ ਉਸ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਜੀਵਨ ਦਾ ਅੰਤ ਨਾ ਹੋਵੇ, ਪਰ ਸਦੀਪਕ ਜੀਵਨ ਪ੍ਰਾਪਤ ਕਰੇ; ਕਦੇ ਨਾਸ਼ ਨਾ ਹੋਵੇ, ਪਰ ਸਦੀਪਕ ਜੀਵਨ ਪ੍ਰਾਪਤ ਕਰੇ।" ਫਿਰ ਜਦੋਂ ਅਸੀਂ ਉਸ ਵਿੱਚ ਆਉਂਦੇ ਹਾਂ, ਵਿਸ਼ਵਾਸ ਦੁਆਰਾ, ਕਿਰਪਾ ਦੁਆਰਾ, ਪਵਿੱਤਰ ਆਤਮਾ ਦੇ ਸੱਦੇ ਰਾਹੀਂ ਅਸੀਂ ਬਚਾਏ ਜਾਂਦੇ ਹਾਂ।

144 ਇਸ ਤੋਂ ਪਹਿਲਾਂ ਕਿ ਧਰਤੀ ਤੇ ਇੱਕ ਸਰੀਰ ਹੁੰਦਾ, ਤੁਹਾਡੇ ਸਰੀਰ ਉੱਥੇ ਪਏ ਸਨ। ਇਹ ਕੈਲਸ਼ੀਅਮ, ਪੋਟਾਸ਼, ਨਮੀ, ਬ੍ਰਹਿਮੰਡੀ—ਬ੍ਰਹਿਮੰਡੀ ਰੋਸ਼ਨੀ ਤੋਂ ਬਣਿਆ ਹੈ, ਅਤੇ ਪੈਟਰੋਲੀਅਮ, ਅਤੇ ਹੋਰ, ਸੋਲਾਂ ਤੱਤ। ਅਤੇ ਪਵਿੱਤਰ ਆਤਮਾ ਧਰਤੀ ਉੱਤੇ ਮੰਡਰਾਉਣਾ ਸ਼ੁਰੂ ਕਰਦਾ ਹੈ, "ਵੂਇੰਗ।" ਅਤੇ ਜਿਵੇਂ ਇਹ ਹੋਇਆ, ਸਭ ਤੋਂ ਪਹਿਲਾਂ ਤੁਸੀਂ ਜਾਣਦੇ ਹੋ, ਨਿੱਕਾ ਜਿਹਾ ਈਸਟਰ ਫੁੱਲ ਉੱਪਰ ਆਇਆ। ਫਿਰ ਉਸ ਨੇ ਕੁਝ ਘਾਹ ਅਤੇ ਕੁਝ ਪੰਛੀ ਕੱਢੇ ਅਤੇ ਥੋੜ੍ਹੀ ਦੇਰ ਬਾਅਦ, ਇੱਕ ਆਦਮੀ ਬਾਹਰ ਆਇਆ।

145 ਹੁਣ, ਉਸਨੇ ਕਦੇ ਵੀ ਧਰਤੀ ਦੀ ਮਿੱਟੀ ਤੋਂ ਔਰਤ ਨੂੰ ਨਹੀਂ ਬਣਾਇਆ। ਉਹ ਪਹਿਲਾਂ ਹੀ ਇੱਕ ਆਦਮੀ ਹੈ, ਸ਼ੁਰੂਆਤ ਤੋਂ ਹੀ; ਆਦਮੀ ਅਤੇ ਔਰਤ ਇੱਕ ਹਨ। ਇਸ ਲਈ ਉਸਨੇ ਆਦਮ ਦੇ ਪਾਸਿਓਂ, ਇੱਕ ਪਸਲੀ ਲਈ, ਅਤੇ ਇੱਕ ਔਰਤ ਨੂੰ, ਉਸਦੀ ਸਹਾਇਕਣ ਬਣਾਇਆ। ਅਤੇ ਫਿਰ ਪਾਪ ਅੰਦਰ ਆਉਂਦਾ ਹੈ। ਫਿਰ ਪਾਪ ਅੰਦਰ ਆਇਆ…

146 ਪਰਮੇਸ਼ੁਰ ਕਦੇ ਨਹੀਂ ਹਾਰੇਗਾ, ਭਾਵੇਂ ਜੋ ਮਰਜ਼ੀ ਵਾਪਰ ਜਾਵੇ। ਉਹ ਕਦੇ ਵੀ ਹਰਾਇਆ ਨਹੀਂ ਜਾਵੇਗਾ। ਫਿਰ, ਔਰਤਾਂ ਨੇ ਮਰਦਾਂ ਨੂੰ ਧਰਤੀ ਤੇ ਲਿਆਉਣਾ ਸ਼ੁਰੂ ਕੀਤਾ। ਅਤੇ ਪਰਮੇਸ਼ੁਰ ਨੇ, ਅਨੰਤ ਕਿਰਪਾ ਦੁਆਰਾ, ਦੇਖਿਆ ਕਿ ਕੌਣ ਬਚਾਇਆ ਜਾਵੇਗਾ, ਅਤੇ ਉਸਨੇ ਤੁਹਾਨੂੰ ਬੁਲਾਇਆ। "ਕੋਈ ਵੀ ਮਨੁੱਖ ਮੇਰੇ

ਕੋਲ ਨਹੀਂ ਆ ਸਕਦਾ, ਜਦੋਂ ਤੱਕ ਮੇਰਾ ਪਿਤਾ ਉਸਨੂੰ ਨਾ ਬੁਲਾਵੇ, ਪਹਿਲਾਂ।" "ਉਹ ਨਹੀਂ ਜੋ ਚਾਹੁੰਦਾ ਹੈ, ਜਾਂ ਉਹ ਜੋ ਦੌੜਦਾ ਹੈ, ਪਰ ਪਰਮੇਸ਼ੁਰ ਜਿਸ ਤੇ ਦਇਆ ਕਰਦਾ ਹੈ।"

147 ਤੁਸੀ ਕਹਿੰਦੇ ਹੋ, "ਅੱਛਾ, ਮੈਂ ਪਰਮੇਸ਼ੁਰ ਨੂੰ ਭਾਲਿਆ। ਮੈਂ ਪਰਮੇਸ਼ੁਰ ਨੂੰ ਭਾਲਿਆ।" ਨਹੀਂ, ਤੁਸੀਂ ਕਦੇ ਨਹੀਂ ਕੀਤਾ। ਪਰਮੇਸ਼ੁਰ ਨੇ ਤੁਹਾਨੂੰ ਭਾਲਿਆ। ਮੁੱਢੋਂ ਅਜਿਹਾ ਹੀ ਸੀ।

148 ਇਹ ਆਦਮ ਨਹੀਂ ਕਹਿ ਰਿਹਾ ਸੀ, "ਹੇ ਪਿਤਾ, ਪਿਤਾ, ਮੈਂ ਪਾਪ ਕੀਤਾ ਹੈ। ਤੁਸੀਂ ਕਿੱਥੇ ਹੋ?"

149 ਇਹ ਪਿਤਾ ਕਹਿ ਰਿਹਾ ਸੀ, "ਹੇ ਆਦਮ, ਆਦਮ, ਤੂੰ ਕਿੱਥੇ ਹੈਂ?" ਇਹ ਮਨੁੱਖ ਦਾ ਸੁਭਾਅ ਹੈ। ਇਹ ਮਨੁੱਖ ਦਾ ਖਿਚਾਅ ਹੈ। ਇਹ ਉਹੀ ਹੈ ਜਿਸਦਾ ਉਹ ਬਣਿਆ ਹੋਇਆ ਹੈ।

150 "ਅਤੇ ਕੋਈ ਵੀ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ ਜਦੋਂ ਤੱਕ ਪਿਤਾ ਉਸਨੂੰ ਨਹੀਂ ਖਿੱਚਦਾ। ਅਤੇ ਉਹ ਸਭ ਜੋ ਪਿਤਾ ਮੈਨੂੰ ਦਿੰਦਾ ਹੈ…" ਹਲਲੂਯਾਹ! "ਜੋ ਵੀ ਆਉਂਦੇ ਹਨ, ਮੈਂ ਉਹਨਾਂ ਨੂੰ ਸਦੀਪਕ ਜੀਵਨ ਦੇਵਾਂਗਾ, ਅਤੇ ਮੈਂ ਉਸਨੂੰ ਅੰਤਮ ਦਿਨ ਜਿਉਂਦਾ ਉਠਾਵਾਂਗਾ।" ਕਿੰਨਾ ਮੁਬਾਰਕ, ਸਵਰਗ ਦੇ ਪਰਮੇਸ਼ੁਰ ਦਾ, ਕਿੰਨਾ ਮੁਬਾਰਕ ਵਾਅਦਾ! ਅਸੀਂ ਅੱਜ ਰਾਤ ਕਿੱਥੇ ਪਹੁੰਚੇ ਹਾਂ, ਕਿੱਥੇ, "ਉਸਨੇ ਆਪਣੇ ਆਪ ਦੀ ਸਹੁੰ ਖਾਧੀ।" ਇਸ ਤੋਂ ਵੱਡਾ ਕੋਈ ਨਹੀਂ ਹੈ। ਤੁਸੀਂ ਆਪਣੇ ਤੋਂ ਕਿਸੇ ਵੱਡੇ ਦੀ ਸਹੁੰ ਖਾਂਦੇ ਹੋ। ਕੋਈ ਵੱਡਾ ਨਹੀਂ, ਇਸ ਲਈ ਪਰਮੇਸ਼ੁਰ ਨੇ ਆਪਣੇ ਆਪ ਦੀ ਸਹੁੰ ਚੁੱਕੀ। ਅਸੀਂ ਇਸ ਵਿੱਚ ਜਾ ਰਹੇ ਹਾਂ, ਉਸਨੇ ਇਹ ਕਿਵੇਂ ਕੀਤਾ ਅਤੇ ਉਸਨੇ ਇਹ ਕਦੋਂ ਕੀਤਾ; ਅਤੇ ਆਪਣੇ ਆਪ ਦੀ ਸਹੁੰ ਖਾਧੀ, ਕਿ ਉਹ ਸਾਨੂੰ ਜਿਉਂਦਾ ਕਰੇਗਾ ਅਤੇ ਸਾਨੂੰ ਆਪਣੀ ਵਿਰਾਸਤ ਬਣਾਵੇਗਾ।

151 ਔਹ, ਅੱਜ ਸਵੇਰ ਨੂੰ, ਅਸੀਂ ਕਿੰਨੇ ਸੰਪੂਰਨ ਅਤੇ ਠੋਸ ਖੜ੍ਹੇ ਹੋ ਸਕਦੇ ਹਾਂ! ਤੁਸੀਂ ਕਿਵੇਂ ਦੇਖ ਸਕਦੇ ਹੋ, ਜੇ ਮੌਤ ਤੁਹਾਡੇ ਮੂੰਹ ਨੂੰ ਘੂਰ ਰਹੀ ਹੋਵੇ, ਤੁਸੀਂ ਪੌਲੁਸ ਵਾਂਗ ਕਹਿ ਸਕਦੇ ਹੋ, "ਮੌਤ, ਤੇਰਾ ਡੰਗ ਕਿੱਥੇ ਹੈ? ਕਬਰ, ਤੇਰੀ ਫਤਿਹ ਕਿੱਥੇ ਹੈ? ਪਰ ਪਰਮੇਸ਼ੁਰ ਦਾ ਧੰਨਵਾਦ ਕਰੋ, ਜੋ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਸਾਨੂੰ ਜਿੱਤ ਦਿੰਦਾ ਹੈ।" ਉਥੇ ਤੁਸੀਂ ਹੋ। ਕਿਉਂ?

152 "ਔਹ, ਤੁਸੀਂ *ਅਜਿਹਾ-ਅਜਿਹਾ* ਕੀਤਾ ਸੀ।"

153 "ਮੈਂ ਇਸਨੂੰ ਜਾਣਦਾ ਹਾਂ, ਪਰ ਮੈਂ ਉਸਦੇ ਲਹੂ ਨਾਲ ਢੱਕਿਆ ਹੋਇਆ ਹਾਂ।" ਹਲਲੂਯਾਹ!

154 "ਇੱਕੋ ਆਤਮਾ ਨਾਲ, ਸਾਨੂੰ ਸਭਨਾਂ ਨੂੰ ਇੱਕ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ।" ਤੁਸੀਂ ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਤੁਸੀਂ ਜੋ ਵੀ ਹੋ, ਸਾਨੂੰ ਇੱਕ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ ਸੀ। ਅਸੀਂ ਸੰਗਤੀ ਕਰਦੇ ਹਾਂ, ਅਤੇ ਅਸੀਂ ਪਰਮੇਸ਼ੁਰ ਦੇ ਰਾਜ ਦੇ ਨਾਗਰਿਕ ਹਾਂ, ਇਹ ਦਾਅਵਾ ਕਰਦੇ ਹੋਏ, ਕਿ, "ਅਸੀਂ ਇਸ ਦੁਨੀਆਂ ਦੇ ਨਹੀਂ ਹਾਂ।"

155 ਮੇਰੀ ਛੋਟੀ ਕੁੜੀ, ਕਿਸੇ ਦਿਨ ਆਈ, ਕਿਹਾ, "ਡੈਡੀ, ਇਸ ਛੋਟੀ ਕੁੜੀ ਨੇ *ਅਜਿਹਾ-ਅਜਿਹਾ* ਕੀਤਾ। ਅਤੇ ਉਨ੍ਹਾਂ ਨੇ *ਅਜਿਹਾ-ਅਜਿਹਾ* ਕੀਤਾ। ਅਸੀਂ ਘਰ ਵੱਲ ਚਲੇ ਗਏ। ਉਹਨਾਂ ਨੇ *ਅਜਿਹਾ-ਅਤੇ-ਅਜਿਹਾ* ਕੀਤਾ।" ਮੈਂ ਕਿਹਾ... ਕਿਹਾ, "ਅਸੀਂ ਅਜਿਹਾ ਕਿਉਂ ਨਹੀਂ ਕਰਦੇ?"

156 ਮੈਂ ਕਿਹਾ, "ਪਿਆਰੀ, ਅਸੀਂ ਉਸ ਸੰਸਾਰ ਦੇ ਨਹੀਂ ਹਾਂ। ਉਹ ਆਪਣੇ ਹੀ ਇੱਕ ਸੰਸਾਰ ਵਿੱਚ ਰਹਿੰਦੇ ਹਨ।"

157 ਉਸ ਨੇ ਕਿਹਾ, "ਕੀ ਅਸੀਂ ਸਾਰੇ ਇੱਕੋ ਜ਼ਮੀਨ ਤੇ ਨਹੀਂ ਚੱਲਦੇ?"

158 ਮੈਂ ਕਿਹਾ, "ਸੰਸਾਰ ਦੇ, ਪਿਆਰੀ। ਅਸੀਂ ਉਨ੍ਹਾਂ ਲੋਕਾਂ ਵਿੱਚੋਂ ਨਹੀਂ ਹਾਂ।"

159 ਬਾਈਬਲ ਨੇ ਕਿਹਾ, "ਉਨ੍ਹਾਂ ਵਿੱਚੋਂ ਬਾਹਰ ਆ ਜਾਓ, ਵੱਖ ਹੋ ਜਾਓ, ਪਰਮੇਸ਼ੁਰ ਆਖਦਾ ਹੈ।" ਦੇਖੋ, ਤੁਸੀਂ ਉਸ ਦੇ ਨਹੀਂ ਹੋ। ਅਤੇ ਜਦੋਂ ਉਹ ਨਵਾਂ ਸੁਭਾਅ ਤੁਹਾਡੇ ਅੰਦਰ ਆਉਂਦਾ ਹੈ, ਤਾਂ ਤੁਹਾਨੂੰ ਬਾਹਰ ਖਿੱਚਣ ਦੀ ਲੋੜ ਨਹੀਂ ਹੁੰਦੀ। ਤੁਹਾਨੂੰ ਪਿਛਾਂਹ ਨਹੀਂ ਜਾਣਾ ਪੈਂਦਾ, ਲੂਤ ਦੀ ਪਤਨੀ ਵਾਂਗ। ਤੁਸੀਂ ਹੁਣੇ ਜਨਮ ਲਿਆ ਹੈ, ਇਸ ਵਿੱਚੋਂ। ਅਤੇ ਤੁਸੀਂ ਕਿਸੇ ਹੋਰ ਆਯਾਮ ਵਿੱਚ ਹੋ। ਅਤੇ ਇਹ ਤੁਹਾਨੂੰ ਕੂੜਾ ਲੱਗਦਾ ਹੈ।

ਅਤੇ ਇਹ, ਮਹਾਨ, ਸ਼ਾਨਦਾਰ ਅਮਰੀਕਾ ਜਿਸ ਵਿੱਚ ਅਸੀਂ ਰਹਿੰਦੇ ਹਾਂ, ਆਪਣੇ ਆਪ ਵਿੱਚ ਇੱਕ ਵੱਡੀ ਹਨੇਰਗਰਦੀ ਬਣ ਗਿਆ ਹੈ। ਸਭ ਕੁਝ ਕਾਮ-ਵਾਸਨਾ ਅਤੇ ਔਰਤ ਹੈ। ਅਤੇ ਔਰਤਾਂ ਜਿਸ ਤਰ੍ਹਾਂ ਦਾ ਪਹਿਰਾਵਾ ਪਹਿਨਦੀਆਂ ਹਨ, ਮਰਦ ਜਿਸ ਤਰ੍ਹਾਂ ਦੇ ਕੰਮ ਕਰਦੇ ਹਨ, ਅਤੇ—ਅਤੇ ਉਹ ਚੀਜ਼ਾਂ ਜੋ ਉਹ ਕਰ ਰਹੇ ਹਨ, ਅਤੇ ਫਿਰ ਆਪਣੇ ਆਪ ਨੂੰ, "ਮਸੀਹੀ" ਆਖਦੇ ਹਨ।

160 ਉਦਾਹਰਨ ਲਈ, ਇਹ ਏਲਵਿਸ ਪ੍ਰੈਸਲੀ, ਜਾਓ ਅਤੇ ਹੁਣੇ ਪੈਂਟੇਕੋਸਟਲ ਚਰਚ ਵਿੱਚ ਸ਼ਾਮਲ ਹੋ ਜਾਵੋ। ਕਿਉਂਕਿ, ਇਹ ਉਹ ਥਾਂ ਹੈ ਜਿੱਥੇ...ਯਹੂਦਾ ਨੂੰ ਚਾਂਦੀ ਦੇ ਤੀਹ ਸਿੱਕੇ ਮਿਲੇ ਸਨ। ਏਲਵਿਸ ਨੂੰ ਕੈਡੀਲੈਕਸ ਕਾਰਾਂ ਦਾ ਇੱਕ ਬੇੜਾ ਮਿਲਿਆ ਹੈ, ਅਤੇ ਕੁਝ—ਅਤੇ ਕੁਝ ਲੱਖ ਡਾਲਰ, ਆਪਣੇ ਜਨਮ ਅਧਿਕਾਰਾਂ ਨੂੰ ਵੇਚਣ ਲਈ। ਆਰਥਰ ਗੌਡਫਰੇ। ਉਸ ਵਲ ਦੇਖੋ।

161 ਲੂਇਸਵਿਲ ਵਿੱਚ ਜਿੰਮੀ ਓਸਬੋਰਨ ਨੂੰ ਦੇਖੋ, ਉੱਥੇ ਉਸ ਪੁਰਾਣੀ ਬੂਗੀ-ਵੂਗੀ, ਰੌਕ-ਐਂਡ-ਰੋਲ, ਪੁਰਾਣੀ ਬਕਵਾਸ ਅਤੇ ਗੰਦਗੀ ਦੇ ਨਾਲ। ਅਤੇ

ਐਤਵਾਰ ਦੀ ਸਵੇਰ ਨੂੰ, ਬਾਈਬਲ ਲੈ ਕੇ ਮੰਚ ਤੇ ਖੜ੍ਹੇ ਹੋ ਕੇ ਪ੍ਰਚਾਰ ਕਰਦਾ ਹੈ। ਕਿੰਨੀ ਬਦਨਾਮੀ ਹੈ!

ਕੋਈ ਹੈਰਾਨੀ ਦੀ ਗੱਲ ਨਹੀਂ ਕਿ ਬਾਈਬਲ ਨੇ ਕਿਹਾ, "ਹਰ ਮੇਜ਼ ਉਲਟੀ ਨਾਲ ਭਰਿਆ ਹੋਇਆ ਹੈ।" ਕਿਉਂ, ਅਸੀਂ ਇੱਕ ਭਿਆਨਕ ਦਿਨ ਵਿੱਚ ਜੀ ਰਹੇ ਹਾਂ!

162 ਅਤੇ ਲੋਕ ਕਹਿੰਦੇ ਹਨ, "ਔਹ, ਉਹ ਬਹੁਤ ਧਾਰਮਿਕ ਹਨ।" ਔਹ! ਕੀ ਤੁਸੀਂ ਨਹੀਂ ਜਾਣਦੇ ਕਿ ਸ਼ੈਤਾਨ ਧਾਰਮਿਕ ਹੈ? ਕੀ ਤੁਸੀਂ ਨਹੀਂ ਜਾਣਦੇ ਕਿ ਕਾਇਨ ਹਾਬਲ ਵਾਂਗ ਹੀ ਧਾਰਮਿਕ ਸੀ? ਪਰ, ਉਸ ਕੋਲ ਪਰਕਾਸ਼ਨ ਨਹੀਂ ਸੀ। ਇਹ ਹੀ ਗੱਲ ਹੈ। ਉਸ ਕੋਲ ਪਰਕਾਸ਼ਨ ਨਹੀਂ ਸੀ।

ਹਾਂ, ਅਸੀਂ ਸਾਰੇ ਗਿਰਜੇ ਜਾਂਦੇ ਹਾਂ, ਪਰ ਉੱਥੇ ਕੁਝ ਹਨ ਜਿਨਾਂ ਕੋਲ ਜੀਵਨ ਹੈ, ਇਹੀ ਉਹ ਹਨ ਜਿਨ੍ਹਾਂ ਨੇ ਆਪਣੇ ਦਿਲ ਵਿੱਚ ਯਿਸੂ ਮਸੀਹ ਦਾ ਪ੍ਰਕਾਸ਼ ਪਾਇਆ ਹੈ। ਕੰਬ ਕੇ ਨਹੀਂ, ਛਾਲ ਮਾਰ ਕੇ, ਚਰਚ ਵਿਚ ਸ਼ਾਮਲ ਹੋ ਕੇ ਨਹੀਂ। ਪਰ, ਪਰਕਾਸ਼ਨ, ਪਰਮੇਸ਼ੁਰ ਨੇ ਉਸ ਨੂੰ ਪ੍ਰਗਟ ਕੀਤਾ ਹੈ।

163 ਦੇਖੋ ਕੀ ਕਿਹਾ, "ਮਨੁੱਖ ਕੀ ਕਹਿੰਦੇ ਹਨ ਕਿ ਮੈਂ, ਮਨੁੱਖ ਦਾ ਪੁੱਤਰ ਕੌਣ, ਹਾਂ?"

164 "ਕਈਆਂ ਨੇ ਕਿਹਾ ਤੂੰ 'ਇੱਕ ਨਬੀ' ਹੈਂ। ਅਤੇ ਕੁਝ ਕਹਿੰਦੇ ਹਨ ਕਿ ਤੁਸੀਂ 'ਏਲੀਯਾਹ' ਹੋ। ਅਤੇ ਕੁਝ…"

ਉਸ ਨੇ ਕਿਹਾ, "ਪਰ ਤੁਸੀਂ ਕੀ ਕਹਿੰਦੇ ਹੋ?"

165 ਪਤਰਸ ਨੇ ਕਿਹਾ, "ਤੂੰ ਮਸੀਹ ਹੈਂ, ਜਿਉਂਦੇ ਪਰਮੇਸ਼ੁਰ ਦਾ ਪੁੱਤਰ।" ਇਹ ਉਸਦੇ ਬੁੱਲ੍ਹਾਂ ਤੋਂ ਨਹੀਂ ਸੀ।

166 ਉਸ ਨੇ ਕਿਹਾ, "ਧੰਨ ਹੈ ਤੂੰ, ਸ਼ਮਊਨ, ਯੋਨਾਹ ਦੇ ਪੁੱਤਰ, ਸ਼ਰੀਰ ਅਤੇ ਲਹੂ ਨੇ ਕਦੇ ਵੀ ਇਹ ਪ੍ਰਗਟ ਨਹੀਂ ਕੀਤਾ। ਤੁਸੀਂ ਇਸ ਨੂੰ ਕਿਸੇ—ਕਿਸੇ ਬਾਈਬਲ ਦੀ ਨੈਤਿਕਤਾ ਵਿੱਚ ਇਹ ਕਦੇ ਨਹੀਂ ਸਿੱਖਿਆ, ਜਾਂ ਕਿਸੇ ਧਰਮ ਸ਼ਾਸਤਰੀ ਸੈਮੀਨਾਰ ਵਿੱਚ। ਧੰਨ ਹੈਂ ਤੂੰ, ਕਿਉਂਕਿ ਸਰੀਰ ਅਤੇ ਲਹੂ ਨੇ ਤੇਰੇ ਤੇ ਇਹ ਪ੍ਰਗਟ ਨਹੀਂ ਕੀਤਾ ਹੈ। ਪਰ ਮੇਰੇ ਪਿਤਾ ਨੇ ਜੋ ਸਵਰਗ ਵਿੱਚ ਹੈ, ਇਸਨੂੰ ਪ੍ਰਗਟ ਕੀਤਾ ਹੈ। ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।"

167 ਜੇ ਅੱਜ ਸਵੇਰੇ, ਤੁਸੀਂ ਇਸ ਕਰਕੇ ਇੱਕ ਮਸੀਹੀ ਹੋ, ਕਿਉਂਕਿ ਤੁਸੀਂ ਕਲੀਸਿਯਾ ਨਾਲ ਸਬੰਧਤ ਹੋ, ਤਾਂ ਤੁਸੀਂ ਗੁਆਚੇ ਹੋਏ ਹੋ। ਜੇ ਤੁਸੀਂ ਇੱਕ ਮਸੀਹੀ ਹੋ ਕਿਉਂਕਿ ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਗਏ ਹੋ,

ਤਾਂ ਤੁਸੀਂ ਨਿਆਂ ਤੋਂ ਮੁਕਤ ਹੋ; ਮਸੀਹ ਵਿੱਚ, ਤੁਸੀਂ ਹਰ ਸਮੇਂ ਸੰਪੂਰਨਤਾ ਵਿੱਚ ਬਣ ਰਹੇ ਹੋ। ਪਰਮੇਸ਼ੁਰ ਇੱਕ ਵੀ ਚੀਜ਼ ਨਹੀਂ ਦੇਖ ਸਕਦਾ। ਤੁਸੀ ਕਹਿੰਦੇ ਹੋ, "ਅੱਛਾ, ਕੀ ਮੈਂ ਕਦੇ ਗਲਤੀ ਕਰਾਂਗਾ?" ਯਕੀਨਨ, ਪਰ ਤੁਸੀਂ ਇਹ ਜਾਣ ਬੁੱਝ ਕੇ ਨਹੀਂ ਕਰੋਗੇ।

168 ਹੁਣ ਅਸੀਂ ਇਸ ਵਿੱਚ ਆ ਰਹੇ ਹਾਂ, ਕੁਝ ਮਿੰਟਾਂ ਵਿੱਚ, "ਕਿਉਂਕਿ ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ, ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ।" ਅਸੀਂ ਅੱਜ ਰਾਤ ਇਸ ਵਿੱਚ ਜਾਵਾਂਗੇ, ਕਿਉਂਕਿ ਹੁਣ ਬਹੁਤ ਦੇਰ ਹੋ ਗਈ ਹੈ।

169 ਆਓ ਇਸ ਦੀਆਂ ਕੁਝ ਹੋਰ ਆਇਤਾਂ ਪੜ੍ਹੀਏ, ਤਾਂ ਜੋ ਅਸੀਂ ਥੋੜਾ ਹੋਰ ਹੇਠਾਂ ਆਉਣ ਬਾਰੇ ਬਿਹਤਰ ਮਹਿਸੂਸ ਕਰ ਸਕੀਏ। ਠੀਕ ਹੈ। ਖੈਰ, ਅਸੀਂ ਅੱਜ ਰਾਤ, ਚੌਥੀ ਆਇਤ ਤੋਂ ਸ਼ੁਰੂ ਕਰਾਂਗੇ। ਇਸ ਨੂੰ ਸੁਣੋ।

> *ਕਿਉਂਕਿ ਓਹ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ, ਅਤੇ ਬਣਾਇਆ…ਅਤੇ ਰਹੇ ਹਨ…ਅਤੇ ਸ਼ਕਤੀ ਦਾ ਸੁਆਦ ਚੱਖਿਆ, ਸਵਰਗੀ ਦਾਨਾਂ ਦਾ, ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ,*
>
> *ਅਤੇ…ਪਰਮੇਸ਼ੁਰ ਦੇ ਸ਼ੁਭ ਬਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ,*
>
> *ਅਤੇ ਮਗਰੋਂ ਬੇਮੁਖ ਹੋ ਗਏ, ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ…ਕਰਾਉਣੀ ਅਣਹੋਣੀ ਹੈ;…*

ਸਮਝੇ? ਅਤੇ ਅਸੀਂ ਇਸਨੂੰ ਇਬਰਾਨੀਆਂ 10 ਵਿੱਚ ਲੈਂਦੇ ਹਾਂ, ਅਤੇ ਅੱਗੇ ਅਤੇ ਪਿੱਛੇ, ਇਹ ਦਿਖਾਉਣ ਲਈ ਕਿ ਇਹ ਕੀ ਹੈ।

170 ਦੋਸਤੋ, "ਆਓ ਸੰਪੂਰਨਤਾ ਵੱਲ ਵਧੀਏ।" ਸਾਡੇ ਕੋਲ…ਅਸੀਂ ਨਹੀਂ ਹਾਂ…ਅਸੀਂ ਅੱਜ ਬਿਨਾਂ ਕਿਸੇ ਬਹਾਨੇ ਦੇ ਹਾਂ। ਸਾਡੇ ਕੋਲ ਕੋਈ ਬਹਾਨਾ ਨਹੀਂ ਹੈ, ਬਿਲਕੁਲ ਵੀ ਨਹੀਂ। ਸਵਰਗ ਦਾ ਪਰਮੇਸ਼ੁਰ ਇਹਨਾਂ ਆਖਰੀ ਦਿਨਾਂ ਵਿੱਚ ਪ੍ਰਗਟ ਹੋਇਆ ਹੈ ਅਤੇ ਉਹੀ ਕੰਮ ਕਰ ਰਿਹਾ ਹੈ ਜੋ ਉਸਨੇ ਉਦੋਂ ਕੀਤੇ ਸਨ, ਜਦੋਂ ਉਹ ਪਹਿਲਾਂ ਇੱਥੇ ਸੀ, ਜਦੋਂ ਉਹ ਧਰਤੀ ਤੇ ਸੀ। ਉਸਨੇ ਸਾਬਤ ਕੀਤਾ ਹੈ, ਜਿਵੇਂ ਅਸੀਂ ਇਸ ਬਾਈਬਲ ਰਾਹੀਂ ਆ ਰਹੇ ਹਾਂ। ਅਤੇ ਤੁਸੀਂ—ਤੁਸੀਂ, ਜਮਾਤ, ਇਹ ਜਾਣਦੇ ਹੋ, ਕਿ ਅਸੀਂ ਕਰਾਮਾਤ ਤੇ ਕਰਾਮਾਤ ਵੇਖੀ ਹੈ, ਅਤੇ ਨਿਸ਼ਾਨ ਤੇ ਨਿਸ਼ਾਨ, ਅਤੇ ਅਚਰਜ ਕੰਮ ਤੇ ਅਚਰਜ ਕੰਮ, ਜੋ ਉਸਨੇ ਉਜਾੜ ਵਿੱਚ ਬੱਚਿਆਂ ਨਾਲ ਕੀਤੇ, ਉਹ ਕੰਮ ਅਤੇ ਚਿੰਨ੍ਹ ਜੋ ਉਸਨੇ ਕੀਤੇ; ਉਹ ਚੀਜ਼ਾਂ ਜੋ ਉਸਨੇ ਕੀਤੀਆਂ ਜਦੋਂ ਉਹ ਇੱਥੇ ਧਰਤੀ ਤੇ ਸੀ, ਜਦ ਉਹ ਸਰੀਰ ਵਿੱਚ ਪ੍ਰਗਟ ਹੋਇਆ ਸੀ; ਅਤੇ ਅੱਜ ਵੀ ਉਹੀ ਚੀਜ਼ਾਂ ਹੋ ਰਹੀਆਂ ਹਨ, ਇੱਥੇ ਸਾਡੇ

ਵਿਚਕਾਰ। ਇਸ ਨੂੰ ਸਾਬਤ ਕਰਨ ਲਈ ਇਹ ਬਚਨ ਹੈ। ਇੱਥੇ ਇਹ ਚੀਜ ਹੈ ਜੋ ਇਸ ਨੂੰ ਸਹੀ ਕਹਿੰਦੀ ਹੈ, ਇਸ ਨੂੰ ਸਹੀ ਬਣਾਉਣ ਲਈ। ਇੱਥੇ ਉਹੀ ਕੰਮ ਕਰਨ ਲਈ ਪਰਮੇਸ਼ੁਰ ਦੀ ਆਤਮਾ ਹੈ, ਇਸ ਲਈ ਅਸੀਂ ਬਿਨਾਂ ਕਿਸੇ ਬਹਾਨੇ ਦੇ ਹਾਂ।

ਆਓ ਪ੍ਰਾਰਥਨਾ ਕਰੀਏ।

171 ਸਵਰਗੀ ਪਿਤਾ, ਇਹ ਦੇਖ ਕੇ ਕਿ ਅਸੀਂ ਗਵਾਹਾਂ ਦੇ ਅਜਿਹੇ ਵੱਡੇ ਬੱਦਲ ਦੁਆਰਾ ਘਿਰੇ ਹੋਏ ਹਾਂ, ਆਓ ਅਸੀਂ ਹਰ ਇੱਕ ਸ਼ਬਦ, ਹਰ ਚੀਜ਼, ਹਰ ਗਲਤ, ਹਰ ਬੁਰਾ ਸ਼ਬਦ, ਹਰ ਮੁੜ੍ਹ-ਬਚਨ ਨੂੰ ਪਾਸੇ ਰੱਖੀਏ, ਹਰ ਵਿਚਾਰ, "ਅਤੇ ਆਓ ਅਸੀਂ ਧੀਰਜ ਨਾਲ ਉਸ ਦੌੜ ਨੂੰ ਦੌੜੀਏ ਜੋ ਸਾਡੇ ਸਾਹਮਣੇ ਰੱਖੀ ਗਈ ਹੈ, ਸਾਡੇ ਵਿਸ਼ਵਾਸ ਦੇ ਲੇਖਕ ਅਤੇ ਸਾਡੇ ਵਿਸ਼ਵਾਸ ਨੂੰ ਸੰਪੂਰਨ ਕਰਨ ਵਾਲੇ, ਪ੍ਰਭੂ ਯਿਸੂ ਮਸੀਹ ਵੱਲ ਦੇਖ ਰਹੇ ਹਾਂ।" ਔ ਉਸ ਦਾ ਸਭ ਤੋਂ ਬੇਮਿਸਾਲ ਅਤੇ ਪਵਿੱਤਰ ਨਾਮ ਮੁਬਾਰਕ ਹੋਵੇ! ਕਿਵੇਂ ਉਹ ਧਰਤੀ ਉੱਤੇ ਡਿੱਗੇ ਹੋਏ ਮਨੁੱਖਾਂ ਨੂੰ ਛੁਡਾਉਣ ਲਈ, ਅਤੇ ਉਹਨਾਂ ਨੂੰ ਪ੍ਰਭੂ ਪਰਮੇਸ਼ੁਰ ਦੀ ਸੰਗਤ ਵਿੱਚ ਵਾਪਸ ਲਿਆਉਣ ਲਈ ਆਇਆ ਸੀ। ਅਤੇ ਅਸੀਂ ਇਸ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਤੇ ਹੁਣ ਉਸਦੀ ਕਿਰਪਾ ਨਾਲ...ਅਸੀਂ ਉਸਨੂੰ ਕਦੇ ਨਹੀਂ ਚੁਣਿਆ, ਪਰ ਉਸਨੇ ਸਾਨੂੰ ਚੁਣਿਆ ਹੈ। ਉਸ ਨੇ ਕਿਹਾ, "ਤੁਸੀਂ ਮੈਨੂੰ ਨਹੀਂ ਚੁਣਿਆ, ਪਰ ਮੈਂ ਤੁਹਾਨੂੰ ਚੁਣਿਆ ਹੈ।" ਕਦੋਂ? "ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ।"

172 ਅਤੇ, ਪਿਆਰੇ ਪਰਮੇਸ਼ੁਰ, ਜੇ ਅੱਜ ਸਵੇਰੇ ਇੱਥੇ ਕੋਈ ਬੈਠਾ ਹੋਇਆ ਹੈ, ਤਾਂ ਹੋ ਸਕਦਾ ਹੈ ਕਿ ਇਸ ਨੂੰ ਸਾਲਾਂ ਅਤੇ ਸਾਲਾਂ ਤੋਂ ਇਸਨੂੰ ਨਜਰਅੰਦਾਜ ਕੀਤਾ ਹੋਵੇ, ਪਰ ਉਸ ਦੇ ਦਿਲ ਤੇ ਲਗਾਤਾਰ ਥੋੜ੍ਹੀ ਜਿਹੀ ਦਸਤਕ ਰਹੀ ਹੈ। ਹੋ ਸਕਦਾ ਹੈ ਕਿ ਉਹ ਚਰਚ ਵਿਚ ਸ਼ਾਮਲ ਹੋਏ, ਇਹ ਸੋਚ ਕੇ, "ਅੱਛਾ, ਇਹ ਸਭ ਠੀਕ ਹੋ ਜਾਵੇਗਾ।" ਪਿਤਾ, ਯਕੀਨਨ, ਲਿਖਤਾਂ ਨੇ ਅੱਜ ਸਵੇਰੇ ਇਸ ਦੀ ਵਿਆਖਿਆ ਕੀਤੀ ਹੈ: ਕਿ ਤੁਸੀਂ ਕਲੀਸਿਯਾ ਦੇ ਪਿੱਛੇ ਨਹੀਂ ਛੁਪ ਸਕਦੇ, ਅਤੇ ਧਰਮੀ ਨਹੀਂ ਹੋ ਸਕਦੇ; ਨਾ ਤੁਸੀਂ ਚੰਗੇ ਹੋ ਸਕਦੇ ਹੋ, ਨਾ ਝੂਠ ਬੋਲ ਸਕਦੇ ਹੋ, ਨਾ ਚੋਰੀ ਕਰ ਸਕਦੇ ਹੋ ਅਤੇ ਨਾ ਹੀ ਕੁਝ ਬੁਰਾ ਕਰ ਸਕਦੇ ਹੋ, ਅਤੇ ਫਿਰ ਵੀ ਧਰਮੀ ਹੋ ਸਕਦੇ ਹੋ।

173 ਸਾਡੇ ਕੋਲ ਸਿਰਫ਼ ਇੱਕ ਹੀ ਧਾਰਮਿਕਤਾ ਹੈ, ਸਾਡੀ ਆਪਣੀ ਨਹੀਂ, ਪਰ ਉਸਦੀ ਧਾਰਮਿਕਤਾ। ਉਸਨੇ ਸਾਡੀ ਮੁਕਤੀ ਨੂੰ ਸੰਪੂਰਨ ਕੀਤਾ ਹੈ। ਇਸ ਲਈ, ਉਸ ਵਿੱਚ ਹੋਣ ਕਰਕੇ, ਪਰਮੇਸ਼ੁਰ ਸਾਡੀਆਂ ਗਲਤੀਆਂ ਨੂੰ ਨਹੀਂ ਦੇਖਦਾ। ਜਦੋਂ ਅਸੀਂ ਕੁਝ ਗਲਤ ਕਰਦੇ ਹਾਂ, ਸਾਡੇ ਅੰਦਰ ਇੱਕ ਆਤਮਾ ਹੁੰਦੀ ਹੈ,

ਜੋ ਪੁਕਾਰਦੀ ਹੈ, "ਹੇ ਪਿਤਾ, ਮੈਨੂੰ ਮਾਫ਼ ਕਰ!" ਫਿਰ ਪਰਮੇਸ਼ੁਰ ਇਸ ਨੂੰ ਨਹੀਂ ਦੇਖਦਾ। ਅਤੇ ਇਹ ਹੈ, ਸਾਨੂੰ ਉਸਦੇ ਨਾਲ ਸੰਗਤ ਅਤੇ ਕਿਰਪਾ ਵਿੱਚ ਲਿਆਂਦਾ ਗਿਆ ਹੈ। ਇਹ ਬਖਸ ਦਿਓ, ਪ੍ਰਭੂ, ਜਦੋਂ ਅਸੀਂ ਇਸ ਸਭਾ ਨੂੰ, ਮਸੀਹ ਦੇ ਨਾਮ ਵਿੱਚ ਬੰਦ ਕਰਦੇ ਹਾਂ। ਆਮੀਨ।

174 ਬਸ ਇੱਕ ਪਲ ਲਈ, ਮੈਂ ਤੁਹਾਨੂੰ ਪੁੱਛਣਾ ਚਾਹਾਂਗਾ। ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਕਰਦੇ ਹੋ, ਤੁਸੀਂ ਗੁਆਚੇ ਹੋਏ ਹੋ। ਇਸ ਨੂੰ ਸੁਣੋ। ਕੁਝ ਸਮਾਂ ਪਹਿਲਾਂ...ਹੋ ਸਕਦਾ ਹੈ ਕਿ ਮੈਂ ਇਸਨੂੰ ਪਹਿਲਾਂ ਦੱਸਿਆ ਹੋਵੇ। ਇੱਥੇ ਇੱਕ ਛੋਟਾ ਜਿਹਾ ਅਨੁਭਵ ਮੇਰੇ ਨਾਲ ਹੋਇਆ ਸੀ।

175 ਮੈਂ ਟੋਲੇਡੋ, ਓਹੀਓ ਵਿੱਚ—ਵਿੱਚ ਸੀ। ਮੈਂ ਇੱਕ ਬੇਦਾਰੀ ਵਿੱਚ ਸੀ ਇੱਕ ਬੇਦਾਰੀ ਵਿੱਚ ਸੀ ਅਤੇ—ਅਤੇ ਉੱਥੇ ਇੱਕ ਸਭਾ ਕਰ ਰਿਹਾ ਸੀ ਅਤੇ ਬਹੁਤ ਸਾਰੇ ਲੋਕ ਸਨ। ਉਹ ਜਾਣਦੇ ਸਨ ਜਿਸ ਹੋਟਲ ਵਿੱਚ ਮੈਂ ਸੀ; ਇਸ ਲਈ ਉਹ ਮੈਨੂੰ ਬਾਹਰ ਦੇਸ਼ ਵਿੱਚ ਲੈ ਗਏ। ਮੈਂ ਉੱਥੇ ਇੱਕ ਛੋਟੇ ਜਿਹੇ, ਮੋਟਲ ਵਿੱਚ ਰਹਿ ਰਿਹਾ ਸੀ।

176 ਅਸੀਂ ਇੱਕ ਛੋਟੇ ਡੰਕਾਰਡ ਰੈਸਟੋਰੈਂਟ ਵਿੱਚ ਖਾਣਾ ਖਾ ਰਹੇ ਸੀ। ਇਹ ਇੱਕ ਸ਼ਾਨਦਾਰ ਜਗ੍ਹਾ ਸੀ, ਉੱਥੇ ਛੋਟੀਆਂ ਔਰਤਾਂ ਸਨ, ਬਸ ਇੰਨੀਆਂ ਮਸੀਹੀ ਅਤੇ ਸੰਤ ਦਿਖਾਈ ਦੇ ਰਹੀਆਂ ਸਨ ਜਿੰਨੀਆਂ ਉਹ ਹੋ ਸਕਦੀਆਂ ਸਨ, ਸਾਫ਼ ਅਤੇ ਅਸਲ ਵਿੱਚ ਵਧੀਆ। ਐਤਵਾਰ ਆਇਆ, ਮੈਨੂੰ ਭੁੱਖ ਲੱਗੀ। ਮੈਂ ਥੋੜਾ ਜਿਹਾ ਵਰਤ ਰੱਖਿਆ ਸੀ। ਅਤੇ ਮੈਂ ਗਲੀ ਤੋਂ ਦੂਜੇ ਪਾਸੇ ਜਾਣਾ ਚਾਹੁੰਦਾ ਸੀ, ਕੁਝ ਮੰਗਵਾਉਣ ਲਈ। ਉੱਥੇ ਇੱਕ ਕੋਨੇ ਤੋਂ ਇੱਕ ਛੋਟੀ ਜਿਹੀ ਸੜਕ, ਅਤੇ ਉੱਥੇ ਖਾਣ ਲਈ, ਇੱਕ ਨਿਯਮਤ, ਆਮ, ਅਮਰੀਕੀ ਜਗ੍ਹਾ ਸੀ। ਛੋਟੀ, ਥੋੜੀ ਜਿਹੀ ਜਗ੍ਹਾ ਸੀ, ਇੱਕ ਕੋਫ਼ੀ ਦੀ ਦੁਕਾਨ, ਸਾਰੀ ਰਾਤ ਖੁੱਲ੍ਹੀ ਰਹਿੰਦੀ ਸੀ। ਜਦੋਂ ਮੈਂ ਉਸ ਐਤਵਾਰ ਨੂੰ ਉੱਥੇ ਗਿਆ, ਤਾਂ ਦੁਪਹਿਰ ਦੇ ਦੋ ਵਜੇ ਦੇ ਕਰੀਬ, ਉਸ ਦੁਪਹਿਰ ਨੂੰ ਪ੍ਰਚਾਰ ਕਰਨ ਲਈ ਜਾਣ ਤੋਂ ਪਹਿਲਾਂ, ਮੈਂ ਇੰਨਾ ਗੁੱਸੇ ਵਿੱਚ ਸੀ, ਮੈਨੂੰ ਨਹੀਂ ਪਤਾ ਸੀ ਕਿ ਮੈਂ ਕੀ ਕਰਾਂ।

177 ਮੈਂ ਅੰਦਰ ਗਿਆ, ਅਤੇ ਸਭ ਤੋਂ ਪਹਿਲਾਂ ਜੋ ਮੈਂ ਦੇਖਿਆ, ਉਹ ਲਗਭਗ ਸੋਲਾਂ, ਅਠਾਰਾਂ ਸਾਲਾਂ ਦੀ ਇੱਕ ਨੌਜਵਾਨ ਕੁੜੀ ਸੀ, ਕਿਸੇ ਪਾਪਾ ਦੀ ਪਿਆਰੀ, ਕਿਸੇ ਮਾਂ ਦੀ ਪਿਆਰੀ, ਇੱਕ ਮੁੰਡੇ ਦੇ ਨਾਲ ਪਿੱਛੇ ਖੜੀ ਸੀ, ਉਸਦੇ ਹੱਥ ਉਸਦੀ ਕਮਰ ਦੇ ਦੁਆਲੇ ਸਨ। ਨਾਬਾਲਗਾਂ ਦਾ ਝੁੰਡ ਮੇਜ ਤੇ—ਤੇ ਬੈਠਾ ਹੋਇਆ ਸੀ।

178 ਮੈਂ ਇੱਕ ਸੱਟੇਬਾਜੀ ਦੀ ਮਸ਼ੀਨ ਦੀ ਅਵਾਜ ਸੁਣੀ। *ਇੱਧਰ* ਨਜ਼ਰ ਮਾਰੀ, ਤਾਂ ਉੱਥੇ ਇੱਕ ਪੁਲਿਸ ਮੁਲਾਜ਼ਮ ਇੱਕ ਔਰਤ ਦੇ ਦੁਆਲੇ ਬਾਂਹ ਪਾ ਕੇ ਖੜਾ

ਸੀ, ਲੱਗਭਗ ਇੱਥੇ, ਉਸਦੀ ਕਮਰ ਤੇ, ਅਤੇ ਇੱਕ ਸੱਟੇਬਾਜੀ ਦੀ ਮਸ਼ੀਨ ਤੇ ਖੇਡ ਰਿਹਾ ਸੀ। ਹੁਣ, ਤੁਸੀਂ ਇੱਥੋਂ ਦੇ ਬੱਕਆਈ ਲੋਕ ਜਾਣਦੇ ਹੋ, ਕਿ ਓਹੀਓ ਵਿੱਚ ਜੂਆ ਖੇਡਣਾ ਅਤੇ ਸੱਟੇਬਾਜੀ ਮਸ਼ੀਨ ਗੈਰ-ਕਾਨੂੰਨੀ ਹਨ। ਅਤੇ ਤੁਸੀਂ ਜਾਣਦੇ ਹੋ ਕਿ ਇਹ ਗੈਰ-ਕਾਨੂੰਨੀ ਹੈ। ਅਤੇ ਇੱਥੇ ਕਾਨੂੰਨ ਸੀ, ਇੱਕ ਸੱਟੇਬਾਜੀ ਦੀ ਮਸ਼ੀਨ ਤੇ ਖੇਡ ਰਿਹਾ ਸੀ; ਅਤੇ ਮੇਰੀ ਉਮਰ ਦਾ ਇੱਕ ਆਦਮੀ, ਸ਼ਾਇਦ ਵਿਆਹਿਆ ਹੋਇਆ, ਬੱਚਿਆਂ ਦਾ ਇੱਕ ਝੁੰਡ, ਸ਼ਾਇਦ ਇੱਕ ਦਾਦਾ। ਇੱਕ ਪੁਲਿਸ ਮੁਲਾਜ਼ਮ, ਸੜਕ ਗਸ਼ਤ, ਇੱਕ ਸੱਟੇਬਾਜੀ ਦੀ ਮਸ਼ੀਨ ਤੇ ਖੇਡ ਰਿਹਾ ਹੈ। ਉੱਥੇ ਉਹ ਨੌਜਵਾਨ ਸੀ…ਕਿਸ਼ੋਰ ਉਮਰ ਵਿੱਚ ਕੀ ਕੀਤਾ ਜਾਂਦਾ ਹੈ? ਇਹ ਕੀ ਕੀਤਾ ਗਿਆ ਹੈ?

179 ਮੈਂ ਉੱਥੇ ਹੀ ਖੜ੍ਹਾ ਰਿਹਾ। ਕਿਸੇ ਨੇ ਮੇਰੇ ਅੰਦਰ ਆਉਣ ਵੱਲ ਧਿਆਨ ਨਹੀਂ ਦਿੱਤਾ, ਉਹ ਬਹੁਤ ਰੁੱਝੇ ਹੋਏ ਸਨ, ਉਨ੍ਹਾਂ ਵਿੱਚੋਂ ਅੱਧੇ ਸ਼ਰਾਬੀ ਸਨ। ਇਸ ਲਈ, ਮੈਂ ਦੇਖਿਆ। ਮੈਂ ਕਿਸੇ ਨੂੰ ਕਹਿੰਦੇ ਸੁਣਿਆ, "ਅੱਛਾ, ਕੀ ਤੁਸੀਂ ਸੋਚਦੇ ਹੋ ਕਿ ਮੀਂਹ ਰੁਬਾਬ ਨੂੰ ਨੁਕਸਾਨ ਪਹੁੰਚਾਏਗਾ?" ਅਤੇ ਆਲੇ ਦੁਆਲੇ ਦੇਖਿਆ, ਅਤੇ ਇੱਥੇ ਇੱਕ ਔਰਤ ਬੈਠੀ ਹੋਈ ਸੀ, ਬੁੱਢੀ ਔਰਤ, ਅਸਲ…ਉਹ ਪੈਂਹਠ, ਸੱਤਰ, ਇਸ ਦੇ ਨੇੜੇ ਸੀ। ਅਤੇ ਵਿਚਾਰੀ ਔਰਤ…ਮੈਂ ਕਿਸੇ ਨੂੰ ਉਨ੍ਹਾਂ ਦੇ ਸਭ ਤੋਂ ਵਧੀਆ ਦੇਖਣ ਲਈ ਦੋਸ਼ੀ ਨਹੀਂ ਠਹਿਰਾਉਂਦਾ। ਪਰ ਜਦੋਂ ਉਹ…ਉਸਨੇ ਆਪਣੇ ਆਪ ਨੂੰ ਠੀਕ ਕੀਤਾ ਹੋਇਆ ਸੀ, ਆਪਣੇ ਵਾਲਾਂ ਨੂੰ ਨੀਲਾ ਬਣਾ ਲਿਆ ਸੀ, ਅਸਲੀ ਨੀਲੇ-ਦਿੱਖਣ ਵਾਲੇ। ਅਤੇ ਸਭ ਨੂੰ ਕੱਟ ਦਿੱਤਾ, ਉੱਪਰ ਤੋਂ, ਅਤੇ ਇਸ ਨੂੰ ਅਸਲੀ ਨੀਲਾ ਬਣਾਇਆ ਹੋਇਆ ਸੀ। ਅਤੇ ਉਸਨੇ ਅਸਲ ਮੋਟੀ ਮੈਨੀਕਿਓਰ, ਜਾਂ ਉਸ ਨੂੰ ਤੁਸੀਂ ਕੀ ਕਹਿੰਦੇ ਹੋ ਜਿਹੜਾ ਸਮਾਨ ਉਸ ਨੇ ਆਪਣੇ ਚਿਹਰੇ ਤੇ ਲਗਾਇਆ ਹੋਇਆ ਸੀ, ਅਤੇ ਵੱਡੇ ਚਟਾਕ ਸਨ। ਅਤੇ ਉਸ ਨੇ ਨਿੱਕੀ ਜਿਹੀ ਨਿੱਕਰ ਪਹਿਨੀ ਹੋਈ ਸਨ, ਅਤੇ ਵੀਚਾਰੀ ਬੁੱਢੀ ਨੂੰ ਇੰਨੀਆਂ ਝੁਰੜੀਆਂ ਪਈਆਂ ਹੋਈਆਂ ਸਨ ਕਿ ਮਾਸ, ਵਾਧੂ ਮਾਸ, ਮਾਸ ਉਸ ਦੀਆਂ ਲੱਤਾਂ ਉੱਤੇ *ਉਸ* ਤਰ੍ਹਾਂ ਲਟਕ ਰਿਹਾ ਸੀ। ਅਤੇ ਉਹ ਸ਼ਰਾਬੀ ਸੀ। ਉਹ ਉੱਥੇ ਇੱਕ ਬੁੱਢੇ ਆਦਮੀ ਨਾਲ ਬੈਠੀ ਹੋਈ ਸੀ, ਅਤੇ ਇਹ ਗਰਮੀਆਂ ਵਿੱਚ, ਇਹਨਾਂ ਵਿੱਚੋਂ ਇੱਕ ਪੁਰਾਣੇ, ਜਾਂ ਜੈਤੂਨ ਜਿਹੇ ਘਸਮੈਲੇ, ਸਲੇਟੀ ਫੋਜੀ ਓਵਰਕੋਟ ਪਹਿਨੇ ਹੋਏ ਸੀ। ਇਹ *ਉਸੇ* ਤਰ੍ਹਾਂ ਲਟਕ ਰਿਹਾ ਸੀ, ਅਤੇ ਉਸਦੇ ਗਲੇ ਵਿੱਚ ਇੱਕ ਵੱਡਾ ਸਕਾਰਫ਼ ਸੀ। ਸ਼ਰਾਬੀ, ਉਹ ਦੋ ਜਣੇ, ਅਤੇ ਉਹ ਇਸ ਵਿਚਾਰੀ ਬਜ਼ੁਰਗ ਔਰਤ ਦੇ ਨਾਲ ਸਨ।

180 ਮੈਂ ਉੱਥੇ ਖੜ੍ਹਾ ਹੋ ਕੇ ਆਲੇ-ਦੁਆਲੇ ਦੇਖਿਆ। ਮੈਂ ਕਿਹਾ, "ਹੇ ਪਰਮੇਸ਼ੁਰ, ਤੁਸੀਂ ਇਸਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਹੋ? ਕੀ—ਕੀ…ਤੁਸੀਂ ਅਜਿਹੀਆਂ ਚੀਜਾਂ ਕਿਵੇਂ ਦੇਖਦੇ ਹੋ? ਜਦੋਂ, ਇਹ ਮੈਨੂੰ, ਕਿਰਪਾ ਦੁਆਰਾ ਬਚਾਏ ਗਏ ਇੱਕ

ਪਾਪੀ ਨੂੰ, ਇਹ ਸੋਚਣ ਲਗਾਉਂਦਾ ਹੈ, ਕਿ ਤੁਸੀਂ ਇਸਨੂੰ ਕਿਵੇਂ ਦੇਖ ਸਕਦੇ—ਸਕਦੇ ਹੋ? ਕਿਉਂ, ਅਜਿਹਾ ਲਗਦਾ ਹੈ ਕਿ ਤੁਸੀਂ ਚੀਜ਼ ਨੂੰ ਫਾੜ ਕੇ ਖੋਲ੍ਹ ਦਿਓਗੇ। ਕੀ ਮੇਰੀ ਛੋਟੀ ਰਿਬਕਾਹ ਅਤੇ ਸਾਰਾਹ ਨੂੰ ਇਸ ਤਰ੍ਹਾਂ ਦੇ ਪ੍ਰਭਾਵ ਹੇਠ ਆਉਣਾ ਪਵੇਗਾ? ਕੀ ਮੇਰੀਆਂ ਦੋ ਛੋਟੀਆਂ ਕੁੜੀਆਂ ਨੂੰ ਇੱਕ—ਇੱਕ ਪ੍ਰਸਿੱਧ, ਜਾਣੇ ਪਛਾਣੇ, ਸੰਸਾਰ ਨੂੰ ਮਿਲਣਾ ਪਵੇਗਾ ਜਿਸ ਤਰ੍ਹਾਂ ਇਹ ਅੱਜ ਹੈ, ਜਿੱਥੇ ਲੋਕ ਇਸ ਤਰ੍ਹਾਂ ਕੰਮ ਕਰਦੇ ਹਨ? ਪਰਮੇਸ਼ੁਰ, ਮੈਂ ਕਿਵੇਂ ਕਦੇ…ਮੈਂ ਕੀ ਕਰ ਸੱਕਦਾ ਹਾਂ?”

ਬੇਸ਼ੱਕ, ਇਹ ਉਸਦੀ ਕਿਰਪਾ ਹੈ। ਜੇ ਉਹ ਸਦੀਪਕ ਜੀਵਨ ਲਈ ਠਹਿਰਾਏ ਗਏ ਸਨ, ਤਾਂ ਉਹ ਇਸ ਕੋਲ ਆਉਣਗੇ। ਜੇ ਉਹ ਨਹੀਂ ਸਨ, ਤਾਂ ਉਹ ਨਹੀਂ ਆਉਣਗੇ। ਮੈਨੂੰ ਨਹੀਂ ਪਤਾ। ਇਹ ਪਰਮੇਸ਼ੁਰ ਤੇ ਨਿਰਭਰ ਕਰਦਾ ਹੈ। ਮੈਂ ਆਪਣਾ ਹਿੱਸਾ ਨਿਭਾਵਾਂਗਾ।

181 ਮੈਂ ਸੋਚਿਆ, “ਤੁਸੀਂ ਇਸ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਹੋ, ਪਰਮੇਸ਼ੁਰ? ਇਸ ਤਰ੍ਹਾਂ ਲੱਗਦਾ ਹੈ ਕਿ ਤੁਸੀਂ ਇੰਨੇ ਪਵਿੱਤਰ ਹੋ ਕਿ ਤੁਸੀਂ ਬਸ ਉਸ ਚੀਜ਼ ਨੂੰ ਧਰਤੀ ਤੋਂ ਮਿਟਾ ਦਿਓਗੇ।” ਮੈਂ ਕਿਹਾ, “ਉੱਥੇ ਬੈਠੀ ਹੋਈ ਉਸ ਗਰੀਬ ਦਾਦੀ ਨੂੰ ਦੇਖੋ। ਪਿਛਾਂਹ ਉਸ ਨੌਜਵਾਨ ਕੁੜੀ ਨੂੰ ਵੇਖੋ। ਅਤੇ ਇੱਥੇ ਇੱਕ ਔਰਤ ਖੜੀ ਹੈ, ਸ਼ਾਇਦ ਪੱਚੀ ਸਾਲ ਦੀ। ਅਤੇ ਉਹ ਪੁਲਿਸ ਵਾਲਾ ਉਸਦੀ ਕਮਰ ਦੇ ਦੁਆਲੇ ਆਪਣੀਆਂ ਬਾਹਾਂ ਪਾ ਕੇ, ਇੱਕ ਮਸ਼ੀਨ ਤੇ ਜੂਆ ਖੇਡ ਰਿਹਾ ਹੈ। ਅਤੇ *ਉੱਥੇ* ਕਾਨੂੰਨ ਹੈ; ਦੇਸ ਖਤਮ ਹੋ ਗਿਆ ਹੈ। *ਉੱਥੇ* ਮਾਤਰਭਾਵ ਖਤਮ ਹੋ ਗਿਆ ਹੈ। *ਇੱਥੇ* ਬਜ਼ੁਰਗ ਖਤਮ ਹੋ ਗਿਆ ਹੈ। ਅਤੇ *ਉੱਥੇ* ਪਿਛਾਂਹ ਇੱਕ ਜਵਾਨ ਕੁੜੀ ਬੈਠੀ ਹੋਈ ਹੈ, ਅਤੇ ਉਹ ਨਾਸ਼ ਹੋ ਗਈ ਹੈ। ਉਨ੍ਹਾਂ ਮੁੰਡਿਆਂ ਨੂੰ ਦੇਖੋ, ਜਦਕਿ ਉਨ੍ਹਾਂ ਨੂੰ ਕਲੀਸਿਯਾ ਵਿੱਚ ਜਾਂ ਕਿਤੇ ਹੋਣਾ ਚਾਹੀਦਾ ਹੈ।”

182 ਮੈਂ ਕਿਹਾ, “ਹੇ ਪਰਮੇਸ਼ੁਰ, ਮੈਂ ਕੀ ਕਰ ਸਕਦਾ ਹਾਂ? ਅਤੇ ਮੈਂ ਇੱਥੇ ਇਸ ਸ਼ਹਿਰ ਵਿੱਚ ਹਾਂ, ਆਪਣੇ ਪੂਰੇ ਦਿਲ ਤੋਂ ਰੋ ਰਿਹਾ ਹਾਂ, ਅਤੇ ਉਹ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਚੱਲਦੇ ਹਨ ਜਿਵੇਂ ਕਿ ਉਹ…” ਮੈਂ ਸੋਚਿਆ, “ਅੱਛਾ, ਪਰਮੇਸ਼ੁਰ?”

183 ਖੈਰ, ਫਿਰ ਇੱਕ ਖਿਆਲ ਆਉਂਦਾ ਹੈ, “ਜੇ ਮੈਂ ਉਨ੍ਹਾਂ ਨੂੰ ਨਹੀਂ ਬੁਲਾਇਆ, ਤਾਂ ਉਹ ਕਿਵੇਂ ਆ ਸਕਦੇ ਹਨ? ਉਹ ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਉਹ ਆਉਣਗੇ। ‘ਤੁਹਾਡੀਆਂ ਅੱਖਾਂ ਹਨ ਪਰ ਤੁਸੀਂ ਦੇਖ ਨਹੀਂ ਸਕਦੇ, ਕੰਨ ਹਨ ਅਤੇ ਤੁਸੀਂ ਸੁਣ ਨਹੀਂ ਸਕਦੇ।’”

184 ਮੈਂ ਸੋਚਿਆ, “ਖੈਰ, ਜੇ ਬੇਦਾਰੀ ਦੀ ਬਜਾਏ ਰਾਸ਼ਟਰਪਤੀ ਕਸਬੇ ਵਿੱਚ ਆਉਂਦਾ ਹੈ, ਹਰ ਕੋਈ ਬਾਹਰ ਆ ਜਾਵੇਗਾ। ਔਹ, ਯਕੀਨਨ, ਇਹ ਦੁਨਿਆਵੀ

ਹੈ।"

185 ਫਿਰ ਮੈਂ ਸੋਚਣ ਲੱਗਾ, "ਅੱਛਾ, ਪਰਮੇਸ਼ੁਰ, ਕਿਵੇਂ, ਤੁਸੀਂ ਹੁਣੇ ਕਿਉਂ ਨਹੀਂ ਜਾਂਦੇ, ਆਉਂਦੇ, ਯਿਸੂ ਨੂੰ ਭੇਜ ਕੇ ਅਤੇ ਇਸ ਨੂੰ ਸਮਾਪਤ ਨਹੀਂ ਕਰ ਦਿੰਦੇ? ਬਸ—ਬਸ ਜਾ ਕੇ ਇਸ ਨੂੰ ਖਤਮ ਕਰਕੇ, ਅਤੇ ਇਸਨੂੰ ਜਾਣ ਕਿਉਂ ਨਹੀਂ ਦਿੰਦੇ?"

186 ਫਿਰ ਮੈਨੂੰ ਆਪਣੇ ਸਾਹਮਣੇ ਕੋਈ ਚੀਜ਼ ਹਿੱਲਦੀ ਨਜ਼ਰ ਆਉਣ ਲੱਗੀ। ਇਹ ਕਿਸੇ ਵਾਵਰੋਲੇ ਜਿਹਾ *ਇਸ* ਤਰ੍ਹਾਂ ਘੁੰਮਦਾ ਹੋਇਆ ਲੱਗ ਰਿਹਾ ਸੀ। ਮੈਂ ਇਸ ਨੂੰ ਦੇਖਦਾ ਰਿਹਾ। ਮੈਂ ਇੱਕ ਧਰਤੀ ਨੂੰ ਗੋਲ ਗੋਲ ਘੁਮੰਦੇ ਹੋਏ ਵੇਖਿਆ। ਮੈਂ ਇਸਨੂੰ ਦੇਖਿਆ, ਅਤੇ ਜਿੱਥੇ ਇਹ ਕੁਝ ਛਿੜਕ ਰਿਹਾ ਸੀ। ਮੈਂ ਦੇਖਿਆ, ਅਤੇ ਇਹ ਦੁਨੀਆ ਭਰ ਵਿੱਚ, ਲਾਲ, ਲਾਲ ਸੂਹੇ ਲਹੂ ਦਾ, ਛਿੜਕਾਅ ਸੀ; ਜਿਵੇਂ ਕਿ ਇੱਕ ਵਾਵਰੋਲਾ ਘੁੰਮ ਰਿਹਾ ਹੋਵੇ, ਇੱਕ ਧੂਮਕੇਤੂ ਵਾਂਗ, ਅਤੇ ਇਸਦੇ ਆਲੇ ਦੁਆਲੇ *ਇਸ* ਤਰ੍ਹਾਂ ਇੱਕ ਵਾਵਰੋਲਾ ਸੀ। ਅਤੇ ਮੈਂ ਇਸ ਵਾਵਰੋਲੇ ਵੱਲ ਦੇਖਿਆ। ਅਤੇ ਇਸ ਦੇ ਬਿਲਕੁਲ ਉੱਪਰ, ਮੈਂ ਦਰਸ਼ਨ ਵਿੱਚ ਯਿਸੂ ਨੂੰ ਦੇਖਿਆ। ਉਹ ਹੇਠਾਂ ਦੇਖ ਰਿਹਾ ਸੀ। ਅਤੇ ਮੈਂ ਆਪਣੇ ਆਪ ਨੂੰ ਇੱਥੇ ਧਰਤੀ ਉੱਤੇ ਖਲੋਤਾ ਹੋਇਆ ਦੇਖਿਆ, ਉਹ ਕੰਮ ਕਰਦੇ ਹੋਏ ਜੋ ਮੈਨੂੰ ਨਹੀਂ ਕਰਨੇ ਚਾਹੀਦੇ ਸਨ। ਅਤੇ ਹਰ ਵਾਰ ਜਦੋਂ ਮੈਂ ਪਾਪ ਕੀਤਾ, ਪਰਮੇਸ਼ੁਰ ਨੇ ਮੈਨੂੰ ਮਾਰ ਸਕਦਾ ਸੀ, "ਕਿਉਂਕਿ, ਜਿਸ ਦਿਨ ਤੁਸੀਂ ਇਸ ਨੂੰ ਖਾਓਗੇ, ਉਸ ਦਿਨ ਤੁਸੀਂ ਮਰ ਜਾਓਗੇ।" ਅਤੇ ਪਰਮੇਸ਼ੁਰ ਦੀ ਪਵਿੱਤਰਤਾ ਅਤੇ ਨਿਆਂ ਮੰਗ ਕਰਦੇ ਹਨ, ਅਤੇ ਤੁਹਾਨੂੰ ਮਰਨਾ ਪਵੇਗਾ। ਅਤੇ ਫਿਰ ਮੈਂ ਉੱਥੇ ਦੇਖਿਆ। ਮੈਂ ਆਪਣੀਆਂ ਅੱਖਾਂ ਮਲਦਾ ਰਿਹਾ। ਮੈਂ ਕਿਹਾ, "ਮੈਂ ਨਹੀ...ਮੈਂ ਸੁੱਤਾ ਹੋਇਆ ਨਹੀਂ ਸੀ। ਮੈਂ ਹਾਂ...ਇਹ ਇੱਕ ਦਰਸ਼ਨ ਹੈ। ਮੈਨੂੰ ਯਕੀਨ ਹੈ ਕਿ ਇਹ ਇੱਕ ਦਰਸ਼ਨ ਹੈ।"

187 ਮੈਂ ਦੇਖਦਾ ਰਿਹਾ, ਜਦ ਮੈਂ ਦਰਵਾਜ਼ੇ ਦੇ ਪਿੱਛੇ ਖੜ੍ਹਾ ਸੀ। ਅਤੇ ਮੈਂ ਆਪਣੇ ਖੁਦ ਦੇ ਪਾਪਾਂ ਨੂੰ ਸਾਹਮਣੇ ਆਉਂਦੇ ਦੇਖਿਆ। ਅਤੇ ਹਰ ਵਾਰ ਜਦੋਂ ਉਹ ਸਿੰਘਾਸਣ ਤਕ ਪਹੁੰਚਣਾ ਸ਼ੁਰੂ ਕਰਦੇ ਸਨ, ਤਾਂ ਉਸਦਾ ਲਹੂ ਇੱਕ ਕਾਰ ਉੱਤੇ ਬੰਪਰ ਵਾਂਗ ਕੰਮ ਕਰਦਾ ਸੀ। ਇਸਨੇ ਇਸਨੂੰ ਫੜ ਲਿਆ, ਅਤੇ ਮੈਂ ਇਸਨੂੰ ਹਿੱਲਦਾ ਹੋਇਆ ਦੇਖਿਆ, ਅਤੇ ਲਹੂ ਉਸਦੇ ਚਿਹਰੇ ਤੋਂ ਹੇਠਾਂ ਵਹਿਣ ਲੱਗਦਾ। ਅਤੇ ਮੈਂ ਉਸਨੂੰ ਆਪਣੇ ਹੱਥ ਉਠਾਉਂਦੇ ਹੋਏ ਵੇਖਿਆ, ਅਤੇ ਕਿਹਾ, "ਪਿਤਾ, ਉਸਨੂੰ ਮਾਫ਼ ਕਰੋ, ਉਹ ਨਹੀਂ ਜਾਣਦਾ ਕਿ ਉਹ ਕੀ ਕਰ ਰਿਹਾ ਹੈ।"

188 ਮੈਂ ਆਪਣੇ ਆਪ ਨੂੰ ਕੁਝ ਹੋਰ ਕਰਦੇ ਦੇਖਿਆ, ਇਸਨੇ ਉਸਨੂੰ ਦੁਬਾਰਾ ਹਿਲਾ ਦਿੱਤਾ, ਝਟਕਾ ਦਿੱਤਾ। ਇਸ ਨੇ, ਪਰਮੇਸ਼ੁਰ ਨੇ ਮੈਨੂੰ ਉਸੇ ਵੇਲੇ ਮਾਰ ਦਿੱਤਾ ਹੁੰਦਾ, ਪਰ ਉਸਦਾ ਲਹੂ ਮੈਨੂੰ ਫੜ ਰਿਹਾ ਸੀ। ਇਹ ਮੇਰੇ ਪਾਪਾਂ ਨੂੰ ਫੜ

ਰਿਹਾ ਸੀ। ਮੈਂ ਸੋਚਿਆ, "ਹੇ ਪਰਮੇਸ਼ੁਰ, ਕੀ ਮੈਂ ਅਜਿਹਾ ਕੀਤਾ? ਯਕੀਨਨ ਇਹ ਮੈਂ ਨਹੀਂ ਸੀ।" ਪਰ ਇਹ ਸੀ।

189 ਫਿਰ ਮੈਂ *ਇਸ* ਤਰ੍ਹਾਂ ਤੁਰਦਾ ਗਿਆ, ਜਿਵੇਂ ਮੈਂ ਉਸ ਕਮਰੇ ਵਿਚੋਂ ਲੰਘ ਰਿਹਾ ਸੀ, ਅਤੇ ਮੈਂ ਉਸ ਦੇ ਨੇੜੇ ਗਿਆ। ਮੈਂ ਉੱਥੇ ਇੱਕ ਕਿਤਾਬ ਪਈ ਵੇਖੀ, ਜਿਸ ਉੱਤੇ ਮੇਰਾ ਨਾਮ ਸੀ, ਅਤੇ ਇਸ ਉੱਤੇ ਹਰ ਤਰ੍ਹਾਂ ਦੇ ਕਾਲੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ। ਮੈਂ ਕਿਹਾ, "ਪ੍ਰਭੂ, ਮੈਨੂੰ ਅਫ਼ਸੋਸ ਹੈ ਕਿ ਮੈਂ ਇਹ ਕੀਤਾ। ਕੀ ਮੇਰੇ ਪਾਪਾਂ ਨੇ ਤੁਹਾਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ? ਕੀ ਮੈਂ ਤੁਹਾਡੇ ਲਹੂ ਨੂੰ ਦੁਨੀਆ ਭਰ ਵਿੱਚ ਖਲਾਰਿਆ ਹੈ? ਕੀ ਮੈਂ—ਕੀ ਮੈਂ ਤੁਹਾਡੇ ਨਾਲ ਇਹ ਕੀਤਾ ਹੈ, ਪ੍ਰਭੂ? ਮੈਨੂੰ ਬਹੁਤ ਅਫ਼ਸੋਸ ਹੈ ਕਿ ਮੈਂ ਇਹ ਕੀਤਾ।" ਅਤੇ ਉਹ ਅੱਗੇ ਵੱਧਿਆ। ਮੈਂ ਕਿਹਾ, "ਕੀ ਤੁਸੀਂ ਮੈਨੂੰ ਮਾਫ਼ ਕਰੋਗੇ? ਮੈਂ ਇਹ ਨਹੀਂ ਕਰਨਾ ਚਾਹੁੰਦਾ ਸੀ। ਮੈਂ ਕਰਾਂਗਾ...ਤੁਸੀਂ, ਆਪਣੀ ਕਿਰਪਾ ਨਾਲ, ਜੇਕਰ ਤੁਸੀਂ ਮੇਰੀ ਮਦਦ ਕਰੋਗੇ ਤਾਂ ਮੈਂ ਇੱਕ ਵਧੀਆ ਲੜਕਾ ਬਣਨ ਦੀ ਕੋਸ਼ਿਸ਼ ਕਰਾਂਗਾ।"

190 ਉਸਨੇ ਆਪਣਾ ਹੱਥ ਵਧਾਇਆ ਅਤੇ ਉਸਦੀ ਵੱਖੀ ਨੂੰ ਥੱਪਿਆ, ਉਸਦੀ ਉਂਗਲ ਨਾਲ ਮੇਰੀ ਕਿਤਾਬ ਤੇ "ਮਾਫ਼ ਕੀਤਾ ਗਿਆ" ਲਿਖਿਆ; ਇਸ ਨੂੰ ਉਸ ਦੇ ਪਿੱਛੇ, ਭੁੱਲ ਜਾਣ ਵਾਲੇ ਸਮੁੰਦਰ ਵਿੱਚ ਸੁੱਟ ਦਿੱਤਾ। ਮੈਂ ਇਸਨੂੰ ਥੋੜਾ ਜਿਹਾ ਦੇਖਿਆ। ਅਤੇ ਉਸਨੇ ਕਿਹਾ, "ਹੁਣ, ਮੈਂ ਤੈਨੂੰ ਮਾਫ਼ ਕਰਦਾ ਹਾਂ, ਪਰ ਤੂੰ ਉਸ ਨੂੰ ਦੋਸ਼ੀ ਠਹਿਰਾਉਣਾ ਚਾਹੁੰਦਾ ਹੈਂ।" ਸਮਝੇ? ਉਸ ਨੇ ਕਿਹਾ, "ਤੁਹਾਨੂੰ ਮਾਫ਼ ਕਰ ਦਿੱਤਾ ਗਿਆ ਹੈ, ਪਰ ਉਸ ਬਾਰੇ ਕੀ? ਤੁਸੀਂ ਉਸਨੂੰ ਉਡਾ ਦੇਣਾ ਚਾਹੁੰਦੇ ਹੋ। ਤੁਸੀਂ ਨਹੀਂ ਚਾਹੁੰਦੇ ਸੀ ਕਿ ਉਹ ਜੀਵੇ।"

191 ਮੈਂ ਸੋਚਿਆ, "ਹੇ ਪਰਮੇਸ਼ੁਰ, ਮੈਨੂੰ ਮਾਫ਼ ਕਰ। ਮੈਂ ਅਜਿਹਾ ਨਹੀਂ ਸੋਚਣਾ ਚਾਹੁੰਦਾ ਸੀ। ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ ਸੀ। ਮੈਂ—ਮੈਂ—ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ ਸੀ।"

192 "ਤੈਨੂੰ ਮਾਫ਼ ਕੀਤਾ ਗਿਆ ਹੈ। ਤੂੰ ਸਭ ਠੀਕ ਮਹਿਸੂਸ ਕਰਦਾ ਹੈਂ। ਪਰ ਉਸ ਬਾਰੇ ਕੀ? ਉਸਨੂੰ ਵੀ, ਇਸਦੀ ਲੋੜ ਹੈ। ਉਸ ਨੂੰ ਇਸਦੀ ਲੋੜ ਹੈ।"

193 "ਖੈਰ," ਮੈਂ ਸੋਚਿਆ, "ਹੇ ਪਰਮੇਸ਼ੁਰ, ਮੈਂ ਕਿਵੇਂ ਜਾਣਾਂ ਕਿ ਤੁਸੀਂ ਕਿਸ ਨੂੰ ਬੁਲਾਇਆ ਹੈ, ਅਤੇ ਤੁਸੀਂ ਕਿਸ ਨੂੰ ਨਹੀਂ ਬੁਲਾਇਆ?" ਸਾਰਿਆਂ ਨਾਲ ਗੱਲ ਕਰਨਾ ਮੇਰਾ ਕੰਮ ਹੈ।

194 ਇਸ ਲਈ, ਜਦੋਂ ਦਰਸ਼ਣ ਨੇ ਮੈਨੂੰ ਛੱਡ ਦਿੱਤਾ, ਮੈਂ ਉਸ ਕੋਲ ਚਲਾ ਗਿਆ। ਮੈਂ ਕਿਹਾ, "ਤੁਹਾਡਾ ਕੀ ਹਾਲ ਹੈ, ਬੀਬੀ?" ਅਤੇ ਉਹ ਦੋ ਆਦਮੀ ਆਰਾਮ ਕਮਰੇ ਵਿੱਚ ਚਲੇ ਗਏ ਸਨ। ਅਤੇ ਉਹ...ਉਹ ਉੱਥੇ ਬੈਠੀ ਹੋਈ ਸੀ,

ਹਿਚਕੀਆਂ ਲੈਂਦੀ ਹੋਈ, ਤੁਸੀਂ ਜਾਣਦੇ ਹੋ, ਹੱਸ ਰਹੀ ਸੀ। ਟੇਬਲ ਤੇ ਵਿਸਕੀ ਦੀ ਬੋਤਲ ਪਈ ਹੋਈ ਸੀ, ਜਾਂ ਬੀਅਰ, ਇਹ ਉੱਥੇ ਸੀ, ਸ਼ਰਾਬ ਉੱਥੇ ਪਈ ਸੀ, ਜਿੱਥੇ ਉਹ ਪੀ ਰਹੇ ਸਨ। ਮੈਂ ਉਸ ਕੋਲ ਗਿਆ। ਮੈਂ ਕਿਹਾ, "ਤੁਹਾਡਾ ਕਿਵੇਂ ਚੱਲ ਰਿਹਾ ਹੈ?"

ਅਤੇ ਉਸਨੇ ਕਿਹਾ, "ਔਹ, ਹੈਲੋ।"

ਅਤੇ ਮੈਂ ਕਿਹਾ, "ਕੀ ਮੈਂ ਬੈਠ ਸਕਦਾ ਹਾਂ?"

ਉਸ ਨੇ ਕਿਹਾ, "ਔਹ, ਮੈਨੂੰ ਸਾਥ ਮਿਲ ਗਿਆ।"

ਮੈਂ ਕਿਹਾ, "ਮੇਰਾ ਮਤਲਬ ਇਸ ਤਰ੍ਹਾਂ ਨਹੀਂ ਸੀ, ਭੈਣ।"

ਜਦੋਂ ਮੈਂ ਉਸਨੂੰ "ਭੈਣ" ਬੁਲਾਇਆ ਤਾਂ ਉਸਨੇ ਮੇਰੇ ਵੱਲ ਦੇਖਿਆ। ਉਸ ਨੇ ਕਿਹਾ, "ਤੁਸੀਂ ਕੀ ਚਾਹੁੰਦੇ ਹੋ?"

ਮੈਂ ਕਿਹਾ, "ਕੀ ਮੈਂ ਸਿਰਫ਼ ਇੱਕ ਮਿੰਟ ਬੈਠ ਸਕਦਾ ਹਾਂ?"

ਉਸ ਨੇ ਕਿਹਾ, "ਆਪਣੀ ਮਦਦ ਕਰੋ।" ਅਤੇ ਮੈਂ ਬੈਠ ਗਿਆ।

ਮੈਂ ਉਸ ਨੂੰ ਦੱਸਿਆ ਕਿ ਕੀ ਹੋਇਆ ਸੀ। ਉਸ ਨੇ ਕਿਹਾ, "ਤੁਹਾਡਾ ਨਾਮ ਕੀ ਹੈ?"

ਅਤੇ ਮੈਂ ਕਿਹਾ, "ਬ੍ਰਨਹਾਮ।"

ਉਸ ਨੇ ਕਿਹਾ, "ਕੀ ਤੁਸੀਂ ਏਥੋਂ ਆਲੇ ਦੁਆਲੇ ਤੋਂ ਹੋ?"

ਮੈਂ ਕਿਹਾ, "ਹਾਂ, ਮੈਡਮ।"

195 ਉਸ ਨੇ ਕਿਹਾ, "ਮੈਂ ਉੱਥੇ ਹੇਠਾਂ ਆਉਣਾ ਚਾਹੁੰਦੀ ਸੀ।" ਉਸ ਨੇ ਕਿਹਾ, "ਸ਼੍ਰੀ ਮਾਨ ਬ੍ਰਨਹਾਮ, ਮੈਂ ਇੱਕ ਮਸੀਹੀ ਪਰਿਵਾਰ ਵਿੱਚ ਪਲੀ ਹੋਈ ਹਾਂ।" ਉਸ ਨੇ ਕਿਹਾ, "ਮੇਰੀਆਂ ਦੋ ਜਵਾਨ ਕੁੜੀਆਂ ਹਨ ਜੋ ਮਸੀਹੀ ਹਨ। ਪਰ ਕੁਝ ਖਾਸ, ਖਾਸ ਗੱਲਾਂ ਹੋਈਆਂ," ਅਤੇ ਉਹ ਗਲਤ ਰਸਤੇ ਤੇ ਆ ਗਈ, ਜਾਂ ਸ਼ੁਰੂ ਹੋ ਗਈ।

196 ਮੈਂ ਕਿਹਾ, "ਪਰ, ਭੈਣ, ਮੈਨੂੰ ਪਰਵਾਹ ਨਹੀਂ, ਲਹੂ ਅਜੇ ਵੀ ਤੁਹਾਡੇ ਆਲੇ ਦੁਆਲੇ ਹੈ। ਇਹ ਸੰਸਾਰ ਲਹੂ ਨਾਲ ਢੱਕਿਆ ਹੋਇਆ ਹੈ।" ਜੇ ਅਜਿਹਾ ਨਹੀਂ ਹੁੰਦਾ, ਤਾਂ ਪਰਮੇਸ਼ੁਰ ਸਾਨੂੰ ਮਾਰ ਦਿੰਦਾ, ਹਰ ਇੱਕ ਨੂੰ। ਉਹ...ਜਦੋਂ ਉਹ ਲਹੂ ਚਲਦਾ ਹੈ, ਤਾਂ ਨਿਆਂ ਭਾਲਦਾ ਹੈ। ਪਰ ਹੁਣ, ਜੇ ਤੁਸੀਂ ਉਸ ਲਹੂ ਤੋਂ ਬਿਨਾਂ ਮਰ ਜਾਂਦੇ ਹੋ, ਤੁਸੀਂ ਉਸ ਜਗ੍ਹਾ ਤੋਂ ਪਰੇ ਚਲੇ ਜਾਂਦੇ ਹੋ, ਤਾਂ ਤੁਹਾਡੇ ਲਈ ਕੰਮ ਕਰਨ ਲਈ ਕੁਝ ਵੀ ਨਹੀਂ ਹੈ। ਅੱਜ ਲਹੂ ਤੁਹਾਡੀ ਥਾਂ ਕੰਮ ਕਰਦਾ ਹੈ। ਮੈਂ ਕਿਹਾ, "ਬੀਬੀ, ਯਕੀਨਨ, ਲਹੂ ਨੇ ਅਜੇ ਵੀ ਤੁਹਾਨੂੰ ਢਕਿਆ ਹੋਇਆ ਹੈ। ਜਦੋਂ ਤੱਕ ਤੁਸੀਂ ਆਪਣੇ ਸਰੀਰ ਵਿੱਚ ਸਾਹ ਲੈਂਦੇ ਹੋ, ਲਹੂ ਨੇ ਤੁਹਾਨੂੰ ਢਕਿਆ ਹੋਇਆ

ਹੈ। ਪਰ ਕਿਸੇ ਦਿਨ ਜਦੋਂ ਸਾਹ ਛੱਡ ਜਾਂਦੇ ਹਨ, ਰੂਹ ਨਿਕਲ ਜਾਂਦੀ ਹੈ, ਤੁਸੀਂ ਉਸ ਲਹੂ ਤੋਂ ਪਾਰ ਚਲੇ ਜਾਓਗੇ, ਅਤੇ ਉੱਥੇ ਨਿਆਂ ਤੋਂ ਇਲਾਵਾ ਕੁਝ ਨਹੀਂ ਹੈ। ਜਦ ਤੁਹਾਡੇ ਕੋਲ ਮਾਫੀ ਦਾ ਮੌਕਾ ਹੈ…" ਅਤੇ ਮੈਂ ਉਸਦਾ ਹੱਥ ਫੜ ਲਿਆ।

197 ਉਹ ਰੋਂਦੀ ਹੋਈ ਬੋਲੀ, "ਸ਼੍ਰੀ ਮਾਨ ਬ੍ਰਨਹਾਮ, ਮੈਂ ਪੀ ਰਹੀ ਹਾਂ।"

198 ਮੈਂ ਕਿਹਾ, "ਇਸ ਨਾਲ ਫਰਕ ਨਹੀਂ ਪੈਂਦਾ। *ਕਿਸੇ-ਚੀਜ* ਨੇ ਮੈਨੂੰ ਚੇਤਾਵਨੀ ਦਿੱਤੀ ਹੈ ਕਿ ਮੈਂ ਤੁਹਾਨੂੰ ਦੱਸਾਂ।" ਮੈਂ ਕਿਹਾ, "ਪਰਮੇਸ਼ੁਰ ਨੇ, ਦੁਨੀਆਂ ਦੀ ਨੀਂਹ ਤੋਂ ਰੱਖਣ ਪਹਿਲਾਂ, ਤੈਨੂੰ ਬੁਲਾਇਆ ਸੀ, ਭੈਣ। ਅਤੇ ਤੁਸੀਂ ਗਲਤ ਕਰ ਰਹੇ ਹੋ, ਅਤੇ ਤੁਸੀਂ ਸਿਰਫ ਇਸ ਨੂੰ ਬਦਤਰ ਬਣਾ ਰਹੇ ਹੋ।"

199 ਉਸ ਨੇ ਕਿਹਾ, "ਕੀ ਤੁਸੀਂ ਸੋਚਦੇ ਹੋ ਕਿ ਉਹ ਮੈਨੂੰ ਸਵੀਕਾਰ ਕਰੇਗਾ?"

200 ਮੈਂ ਕਿਹਾ, "ਬਿਲਕੁਲ, ਉਹ ਤੁਹਾਨੂੰ ਸਵੀਕਾਰ ਕਰੇਗਾ।"

201 ਉੱਥੇ ਉਸਦੇ ਗੋਡਿਆਂ ਭਾਰ, ਅਸੀਂ ਉਸ ਫ਼ਰਸ਼ ਤੇ ਹੇਠਾਂ ਬੈਠ ਗਏ, ਅਤੇ ਇੱਕ ਪੁਰਾਣੇ-ਜ਼ਮਾਨੇ ਦੀ ਪ੍ਰਾਰਥਨਾ ਸਭਾ। ਉਸ ਪੁਲਿਸ ਵਾਲੇ ਨੇ ਆਪਣੀ ਟੋਪੀ ਲਾਹ ਦਿੱਤੀ ਅਤੇ ਇੱਕ ਗੋਡੇ ਉੱਤੇ ਝੁਕ ਗਿਆ। ਉੱਥੇ ਅਸੀਂ ਇੱਕ ਪ੍ਰਾਰਥਨਾ ਸਭਾ ਕੀਤੀ ਸੀ, ਉਸ ਥਾਂ ਤੇ। ਕਿਉਂ? ਪਰਮੇਸ਼ੁਰ ਸਰਬਸ਼ਕਤੀਮਾਨ ਹੈ।

"ਇਹਨਾਂ ਮੁਰਦਿਆਂ ਕੰਮਾਂ ਨੂੰ ਪਾਸੇ ਰੱਖ ਕੇ, ਆਓ ਸੰਪੂਰਨਤਾ ਵੱਲ ਚੱਲੀਏ।"

202 ਆਓ ਉਸ ਖੇਤਰ ਵਿੱਚ ਚੱਲੀਏ ਜਿੱਥੇ ਇਹ, "ਮੈਂ ਚਰਚ ਨਾਲ ਸਬੰਧਤ ਹਾਂ; ਮੈਂ *ਉਸ* ਨਾਲ ਸਬੰਧਤ ਹਾਂ," ਇਹ ਸਭ ਖਤਮ ਹੋ ਜਾਵੇ। ਅਤੇ ਆਓ ਸੰਪੂਰਨਤਾ ਵੱਲ ਚੱਲੀਏ।

203 ਮੇਰੇ ਪਾਪੀ ਦੋਸਤ, ਜੇ ਤੁਸੀਂ ਅੱਜ ਲਹੂ ਤੋਂ ਬਿਨਾਂ, ਮੁਕਤੀ ਤੋਂ ਬਿਨਾਂ, ਕਿਰਪਾ ਤੋਂ ਬਿਨਾਂ ਹੋ, ਯਿਸੂ ਮਸੀਹ ਦਾ ਲਹੂ ਤੁਹਾਨੂੰ ਸੰਭਾਲਦਾ ਹੈ। ਤੁਸੀਂ ਕਹਿੰਦੇ ਹੋ, "ਅੱਛਾ, ਮੈਨੂੰ ਇਸ ਸਮੇਂ ਸਭ ਕੁਝ ਮਿਲ ਚੁੱਕਾ ਹੈ।" ਪਰ ਇੱਕ ਦਿਨ ਤੁਸੀਂ ਉੱਥੇ ਜਾ ਰਹੇ ਹੋ ਜਿੱਥੇ ਤੁਹਾਡੇ ਲਈ ਕੁਝ ਵੀ ਕੰਮ ਨਹੀਂ ਕਰੇਗਾ।

ਆਓ ਹੁਣ ਪ੍ਰਾਰਥਨਾ ਕਰੀਏ, ਜਦੋਂ ਅਸੀਂ ਆਪਣੇ ਸਿਰ ਝੁਕਾਉਂਦੇ ਹਾਂ।

204 ਕੀ ਇੱਥੇ, ਕੋਈ ਹੈ, ਜੋ ਅੱਜ ਇੱਥੇ ਕਹਿਣਾ ਚਾਹੁੰਦਾ ਹੈ, "ਪਰਮੇਸ਼ੁਰ ਮੇਰੇ ਤੇ ਦਯਾ ਕਰ, ਮੈਨੂੰ ਅਹਿਸਾਸ ਹੋਇਆ ਹੈ ਕਿ ਮੈਂ ਗਲਤ ਕੀਤਾ ਹੈ"? ਹੋ ਸਕਦਾ ਹੈ ਕਿ ਤੁਸੀਂ ਚਰਚ ਵਿੱਚ ਸ਼ਾਮਲ ਹੋ ਗਏ ਹੋ। ਇਹ ਸਭ ਠੀਕ ਹੈ। ਪਰ ਜੇ ਤੁਸੀਂ ਮਸੀਹ ਦੀ ਕਿਰਪਾ ਪ੍ਰਾਪਤ ਨਹੀਂ ਕੀਤੀ ਹੈ, ਤਾਂ ਕੀ ਤੁਸੀਂ ਆਪਣਾ ਹੱਥ ਉੱਪਰ ਚੁਕੋਗੇ, ਕਹੋਗੇ, "ਮੇਰੇ ਲਈ ਪ੍ਰਾਰਥਨਾ ਕਰੋ, ਭਾਈ ਬ੍ਰਨਹਾਮ"?

ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਸ਼੍ਰੀ ਮਾਨ। ਪਰਮੇਸ਼ੁਰ ਤੈਨੂੰ ਅਸੀਸ ਦੇਵੇ, ਬੀਬੀ। ਇਹ ਠੀਕ ਹੈ। ਨਾ ਕਰੋ...ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਜਨਾਬ, ਉਥੇ ਪਿੱਛੇ। ਪਰਮੇਸ਼ੁਰ ਤੁਹਾਨੂੰ, ਅਤੇ ਤੁਹਾਨੂੰ ਅਸੀਸ ਦੇਵੇ। ਉੱਥੇ ਦੂਰ ਪਿੱਛੇ, ਹਾਂ, ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਆਪਣਾ ਹੱਥ ਖੜ੍ਹਾ ਕਰੋ। ਇਹ ਠੀਕ ਹੈ। ਬਸ ਆਪਣਾ ਹੱਥ ਉੱਪਰ ਚੁੱਕੋ, ਅਤੇ ਕਹੋ, "ਹੇ ਪਰਮੇਸ਼ੁਰ, ਮੇਰੇ ਉੱਤੇ ਰਹਿਮ ਕਰ।"

205 ਤੁਸੀ ਕਹਿੰਦੇ ਹੋ, "ਮੈਂ ਕਲੀਸਿਯਾ ਨਾਲ ਸਬੰਧਤ ਹਾਂ, ਭਾਈ ਬ੍ਰਨਹਾਮ। ਹਾਂ, ਮੈਂ—ਮੈਂ ਚੰਗਾ ਬਣਨ ਦੀ ਕੋਸ਼ਿਸ਼ ਕੀਤੀ ਹੈ, ਪਰ ਮੈਨੂੰ ਨਹੀਂ ਪਤਾ, ਮੈਨੂੰ ਲੱਗਦਾ ਹੈ, ਇਸ ਤਰ੍ਹਾਂ ਦਿਖਾਈ ਦਿੰਦਾ ਹੈ, ਮੈਂ ਅਜਿਹਾ ਨਹੀਂ ਕਰ ਸਕਦਾ।" ਔਹ, ਵਿਚਾਰੇ ਯਾਤਰੀ, ਵਿਚਾਰੇ ਕਮਜ਼ੋਰ ਦੋਸਤ, ਤੁਸੀਂ ਸੱਚਮੁੱਚ ਅਜੇ ਤੱਕ ਕਦੇ ਵੀ ਦਰਸ਼ਨ ਨਹੀਂ ਦੇਖਿਆ ਹੈ।

206 ਤੁਸੀ ਕਹਿੰਦੇ ਹੋ, "ਭਾਈ ਬ੍ਰਨਹਾਮ, ਮੈਂ ਚੀਕਿਆ। ਮੈਂ ਪਰਾਈਆਂ ਭਾਸ਼ਾਵਾਂ ਵਿੱਚ ਬੋਲਿਆ ਹਾਂ। ਮੈਂ ਇਹ ਸਭ ਕੀਤਾ।" ਇਹ ਸੱਚ ਵੀ, ਹੋ ਸਕਦਾ ਹੈ। ਇਹ ਸਭ ਠੀਕ ਹੈ, ਇਸਦੇ ਵਿਰੁੱਧ ਕਹਿਣ ਲਈ ਕੁਝ ਨਹੀਂ ਹੈ।

ਪਰ, ਮੇਰੇ ਪਿਆਰੇ, ਗੁਆਚੇ ਹੋਏ ਦੋਸਤ, ਪਰ, ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ, ਜਾਂ ਹਿਲਣਾ, ਜਾਂ ਹੱਥ ਮਿਲਾਉਣਾ, ਜਾਂ ਬਪਤਿਸਮਾ ਲੈਣਾ, ਇਹ, ਇਹ ਸਭ ਠੀਕ ਹੈ। ਪਰ, ਉਸਨੂੰ ਜਾਣਨਾ, ਇੱਕ ਵਿਅਕਤੀ ਨੂੰ ਜਾਣਨਾ ਹੈ। "ਉਸ ਨੂੰ ਜਾਨਣਾ ਹੀ ਜੀਵਨ ਹੈ।"

207 ਤੁਸੀਂ ਕਹਿੰਦੇ ਹੋ, "ਮੈਂ ਬਾਈਬਲ ਨੂੰ ਜਾਣਦਾ ਹਾਂ, ਚੰਗੀ ਤਰ੍ਹਾਂ।" ਠੀਕ ਹੈ, ਬਾਈਬਲ ਨੂੰ ਜਾਣਨਾ, ਜੀਵਨ ਨਹੀਂ ਹੈ। "ਉਸਨੂੰ ਜਾਣਨਾ," ਨਿੱਜੀ ਪੜਨਾਂਵ, "ਉਸਨੂੰ ਜਾਣਨਾ, ਮਸੀਹ," ਕਿ ਤੁਸੀਂ ਜਾਣਦੇ ਹੋ ਕਿ ਉਸਨੇ ਤੁਹਾਨੂੰ ਮਾਫ਼ ਕਰ ਦਿੱਤਾ ਹੈ।

ਕੀ ਤੁਸੀਂ ਬਸ ਆਪਣੇ ਹੱਥ ਉਠਾਓਗੇ, ਦੁਬਾਰਾ, ਕੋਈ ਹੋਰ? ਪਰਮੇਸ਼ੁਰ ਤੈਨੂੰ ਅਸੀਸ ਦੇਵੇ, ਬੀਬੀ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਪਰਮੇਸ਼ੁਰ ਤੁਹਾਨੂੰ ਇੱਥੇ ਅਸੀਸ ਦੇਵੇ, ਭਾਈ। ਪਰਮੇਸ਼ੁਰ ਤੁਹਾਨੂੰ ਉੱਥੇ ਅਸੀਸ ਦੇਵੇ, ਨੌਜਵਾਨ। ਪਰਮੇਸ਼ੁਰ ਤੁਹਾਨੂੰ ਇੱਥੇ ਅਸੀਸ ਦੇਵੇ, ਭੈਣ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਉੱਥੇ ਪਿਛਲੇ ਪਾਸੇ, ਉੱਥੇ। ਇਹ ਠੀਕ ਹੈ। "ਉਸ ਨੂੰ ਜਾਣਨਾ, ਜੀਵਨ ਹੈ।"

"ਭਾਈ ਬ੍ਰਨਹਾਮ, ਮੈਨੂੰ ਯਾਦ ਕਰਨਾ। ਮੈਂ ਹੁਣ, ਇੱਥੇ ਆਪਣੀ ਸੀਟ ਤੇ ਹੀ, ਮਸੀਹ ਨੂੰ ਸਵੀਕਾਰ ਕਰਨ ਜਾ ਰਿਹਾ ਹਾਂ।"

208 ਕਹੋ, "ਮੇਰੇ ਦਿਲ ਵਿੱਚ ਆਓ, ਪ੍ਰਭੂ ਯਿਸੂ, ਅਤੇ ਮੈਨੂੰ ਉਹ ਸ਼ਾਂਤੀ, ਉਹ ਮਿਠਾਸ ਦਿਓ।" ਚਰਚ ਜਾਓ, ਜਿੰਨਾ ਹੋ ਸਕੇ ਸੰਗੀਤ ਚਲਾਓ, ਉੱਪਰ-ਅਤੇ-ਹੇਠਾਂ ਨੱਚੋ, ਸੀਟਾਂ ਵਿਚਲੇ ਰਾਹ ਵਿੱਚੋਂ ਦੀ ਦੌੜੋ; ਘਰ ਜਾਓ, ਚਿੰਤਾ ਕਰੋ, ਅਤੇ ਡਾਵਾਂਡੋਲ ਹੋ ਜਾਓ, ਅਤੇ ਹੰਗਾਮਾ ਕਰੋ, ਇਹ ਮਸੀਹ ਨਹੀਂ ਹੈ। ਤੁਸੀਂ ਚਰਚ ਜਾਓ, ਬੈਠ ਜਾਓ ਅਤੇ ਇਸ ਬਾਰੇ ਕੁਝ ਛੋਟਾ ਉਪਦੇਸ਼ ਸੁਣੋ ਕਿ ਪੁਲ ਨੂੰ ਕਿਵੇਂ ਪੇਂਟ ਕੀਤਾ ਜਾ ਰਿਹਾ ਹੈ, ਜਾਂ ਇਸ ਤਰ੍ਹਾਂ ਦੀ *ਕੋਈ-ਹੋਰ*, ਵਚਨ ਕਦੇ ਨਾ ਸੁਣੋ। ਵਚਨ ਜੀਵਨ ਲਿਆਉਂਦਾ ਹੈ। ਇਹ ਬੀਜ ਹੈ। ਕੀ ਤੁਸੀਂ ਸ਼ਾਂਤੀ ਨਹੀਂ ਚਾਹੁੰਦੇ?

209 ਕੀ ਤੁਸੀਂ ਮਰਨ ਬਾਰੇ ਪਰੇਸ਼ਾਨ ਹੋ? ਤੁਹਾਨੂੰ ਅੱਜ ਦਿਲ ਦਾ ਦੌਰਾ ਪੈ ਜਾਵੇਗਾ, ਕੀ ਤੁਹਾਨੂੰ ਇਸਦੀ ਚਿੰਤਾ ਹੈ? ਜਾਂ ਕੀ ਤੁਸੀਂ ਅਨੰਦ ਮਨਾਓਗੇ, ਇਹ ਕਹਿ ਕੇ, "ਮੈਂ ਇਸ ਸਫ਼ਰ ਦੇ ਅੰਤ ਵਿੱਚ ਪ੍ਰਭੂ ਯਿਸੂ ਦੇ ਨਾਲ ਹੋਣ ਜਾ ਰਿਹਾ ਹਾਂ"? ਕੀ ਤੁਸੀਂ ਉਸਨੂੰ ਜਾਣਦੇ ਹੋ? ਜੇ ਤੁਸੀਂ ਨਹੀਂ ਜਾਣਦੇ, ਤਾਂ ਬਸ ਆਪਣਾ ਹੱਥ ਉੱਪਰ ਚੁੱਕੋ। ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਨ ਜਾ ਰਹੇ ਹਾਂ। ਹਾਂ, ਭਾਈ, ਤੁਹਾਡੇ ਲਈ, ਵੀ।

210 ਸਭ ਠੀਕ ਹੈ, ਹੁਣ ਆਪਣੇ ਦਿਲ ਵਿੱਚ।

> ਬਸ ਜਿਵੇਂ ਮੈਂ ਹਾਂ, ਇੱਕ ਵੀ ਦਲੀਲ ਤੋਂ ਬਿਨਾਂ,
> ਪਰ ਤੇਰਾ ਲਹੂ ਵਹਾਇਆ ਗਿਆ ਸੀ (ਕਿਸ ਲਈ?)
> ਮੇਰੇ ਲਈ,
> ਕਿਉਂਕਿ ਮੈਂ ਵਾਅਦਾ ਕਰਦਾ ਹਾਂ, ਮੈਂ ਵਿਸ਼ਵਾਸ ਕਰਾਂਗਾ,
> ਹੇ ਲੇਲੇ, ਹੇ ਪਰਮੇਸ਼ੁਰ ਦੇ ਲੇਲੇ, ਮੈਂ ਆਉਂਦਾ ਹਾਂ। ਮੈਂ ਆਉਂਦਾ ਹਾਂ, ਦੀਨਤਾ ਨਾਲ, ਰਹਿਮ ਨਾਲ।
>
> ਬਸ ਜਿਵੇਂ...

ਬਸ ਉਸਦੇ ਨਾਲ ਚਲੋ, ਵਿਸ਼ਵਾਸ ਨਾਲ। ਵਿਸ਼ਵਾਸ ਕਰੋ ਕਿ ਉਹ ਬਿਲਕੁਲ ਤੁਹਾਡੇ ਨਾਲ ਉੱਥੇ ਖੜ੍ਹਾ ਹੈ। ਉਹ ਹੈ।

> ...-ਨਹੀਂ
> ਮੇਰੀ ਆਤਮਾ ਨੂੰ (ਹੁਣ ਕਿੰਨਾ?) ਇੱਕ ਤੋਂ ਛੁਟਕਾਰਾ ਪਾਉਣ ਲਈ...(ਗੁਸਾ, ਨਫ਼ਰਤ),
> ਉਸ ਨੂੰ ਜਿਸਦਾ ਲਹੂ ਹਰ ਦਾਗ ਨੂੰ ਸਾਫ਼ ਕਰ ਸਕਦਾ ਹੈ,
> ਹੇ ਲੇਲੇ...

211 "ਵਿਸ਼ਵਾਸ ਨਾਲ ਮੈਂ ਅੱਜ ਸਵੇਰੇ, ਸਲੀਬ ਕੋਲ ਜਾਵਾਂਗਾ। ਮੈਂ ਆਪਣਾ ਬੋਝ ਥੱਲੇ ਰੱਖਦਾ ਹਾਂ। ਮੈਂ ਆਉਂਦਾ ਹਾਂ।" ਪਰਮੇਸ਼ੁਰ ਤੁਹਾਨੂੰ ਉੱਥੇ ਪਿਛਾਂਹ ਅਸੀਸ ਦੇਵੇ। ਇਹ ਚੰਗੀ ਗੱਲ ਹੈ। [ਭਾਈ ਬ੍ਰਨਹਾਮ ਗੁਣਗੁਣਾਉਂਦੇ ਹਨ *ਬਸ*

*ਜਿਵੇਂ ਮੈਂ ਹਾਂ*—ਸੰਪਾ.] ਹੁਣ ਬੇਪਰਵਾਹ ਨਾ ਹੋਵੋ। ਨਿੱਘ, ਮਿੱਠਾਸ ਨਾਲ, ਸਿੱਧੇ ਸਲੀਬ ਤੱਕ ਚੱਲੋ।

212 ਪੁਰਾਣੇ ਨੇਮ ਵਿੱਚ, ਉਹ ਇੱਕ ਲੇਲਾ ਲਿਆਉਂਦੇ ਸਨ। ਉਹ ਜਾਣਦੇ ਸਨ ਕਿ ਉਨ੍ਹਾਂ ਨੇ ਪਾਪ ਕੀਤਾ ਸੀ, ਉਹ ਹੁਕਮਾਂ ਦੁਆਰਾ ਜਾਣਦੇ ਸਨ। ਤੁਸੀਂ ਇਸ ਨੂੰ ਹੁਣ ਜਾਣਦੇ ਹੋ, ਕਿਉਂਕਿ ਪਰਮੇਸ਼ੁਰ ਨੇ ਤੁਹਾਡੇ ਦਿਲ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਹੁਕਮਾਂ ਤੇ ਇੱਕ ਨਜ਼ਰ ਮਾਰੀ, "ਤੂੰ ਵਿਭਚਾਰ ਨਾ ਕਰ। ਤੁਹਾਨੂੰ *ਅਜਿਹਾ-ਅਜਿਹਾ* ਨਹੀਂ ਕਰਨਾ ਚਾਹੀਦਾ।" ਅਤੇ ਉਹ ਇੱਕ ਲੇਲਾ ਲੈਂਦੇ, ਜਾ ਕੇ ਲੇਲੇ ਉੱਤੇ ਹੱਥ ਰੱਖਦੇ, ਜਾਜਕ ਗਲਾ ਵੱਢ ਦਿੰਦਾ। ਛੋਟਾ ਲੇਲਾ ਲੱਤਾਂ ਛੰਡਦਾ, ਅਤੇ ਲਹੂ ਵਹਿੰਦਾ, ਮਮਿਆਉਂਦਾ, ਅਤੇ ਮਰ ਜਾਂਦਾ। ਉਸਦੇ ਸਾਰੇ ਹੱਥ ਲਹੂ ਨਾਲ ਲੱਥਪੱਥ ਹੋ ਜਾਂਦੇ। ਉਸ ਦੀ ਥਾਂ ਲੇਲਾ ਮਰ ਜਾਂਦਾ, ਪਰ ਉਹ ਇਸ ਨੂੰ ਦੁਬਾਰਾ ਕਰਨ ਦੀ ਇੱਛਾ ਨਾਲ ਬਾਹਰ ਤੁਰ ਜਾਂਦਾ।

213 ਪਰ ਇਸ ਸਥਾਨ ਤੇ, ਅਸੀਂ ਵਿਸ਼ਵਾਸ ਦੁਆਰਾ, ਕਿਰਪਾ ਦੁਆਰਾ ਆਉਂਦੇ ਹਾਂ। ਪਰਮੇਸ਼ੁਰ ਨੇ ਸਾਨੂੰ ਬੁਲਾਇਆ। ਅਸੀਂ ਪਰਮੇਸ਼ੁਰ ਦੇ ਲੇਲੇ ਦੇ ਸਿਰ ਤੇ ਆਪਣੇ ਹੱਥ ਰੱਖਦੇ ਹਾਂ। ਅਸੀਂ ਵਜਦੇ ਹੋਏ ਉਸ ਹਥੌੜੇ ਨੂੰ ਸੁਣਦੇ ਹਾਂ। ਅਸੀਂ ਉਹ ਆਵਾਜ਼ ਸੁਣਦੇ ਹਾਂ, "ਮੈਂ ਪਿਆਸਾ ਹਾਂ; ਮੈਨੂੰ ਪੀਣ ਲਈ ਦਿਓ। ਪਿਤਾ, ਇਹ ਪਾਪ ਉਨ੍ਹਾਂ ਦੇ ਜੁੰਮੇ ਨਾ ਲਾ; ਉਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਹਨ।" ਸਮਝੇ? ਵਿਸ਼ਵਾਸ ਦੁਆਰਾ, ਅਸੀਂ ਆਪਣੀ ਬਜਾਏ ਉੱਥੇ ਉਸਦੀ ਮੌਤ ਨੂੰ ਮਹਿਸੂਸ ਕਰਦੇ ਹਾਂ। ਸਾਡੇ ਦਿਲ ਵਿੱਚ ਇੱਕ ਡੂੰਘੀ, ਸਥਿਰ ਸ਼ਾਂਤੀ ਆਉਂਦੀ ਹੈ, ਜਦੋਂ ਇੱਕ ਆਵਾਜ਼ ਕਹਿੰਦੀ ਹੈ, "ਤੁਹਾਨੂੰ ਹੁਣ ਮਾਫ਼ ਕਰ ਦਿੱਤਾ ਗਿਆ ਹੈ। ਜਾਓ ਅਤੇ ਹੋਰ ਪਾਪ ਨਾ ਕਰੋ।" ਕਿਵੇਂ, ਕਿਰਪਾ ਨਾਲ, ਫਿਰ, ਅਸੀਂ ਉਸੇ ਇੱਛਾ ਦੇ ਨਾਲ ਨਹੀਂ, ਪਰ ਕਦੇ ਵੀ ਪਾਪ ਨਾ ਕਰਨ ਜਾਂ ਕੁਝ ਗਲਤ ਨਾ ਕਰਨ ਦੀ ਇੱਛਾ ਨਾਲ ਚਲੇ ਜਾਂਦੇ ਹਾਂ। ਉਹ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ, ਸਾਡੇ ਹਿਰਦੇ ਵਿੱਚ ਪ੍ਰਵੇਸ਼ ਕਰ ਗਈ ਹੈ।

ਤੁਸੀਂ ਇਸ ਨੂੰ ਹੁਣ ਪ੍ਰਾਪਤ ਕਰੋ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਹਰ ਕੋਈ, ਇਕੱਠੇ।

214 ਸਵਰਗੀ ਪਿਤਾ, ਉਹ ਵਿਸ਼ਵਾਸ ਦੁਆਰਾ, ਕਿਰਪਾ ਰਾਹੀਂ ਆ ਰਹੇ ਹਨ। ਕਰੀਬ ਇੱਕ ਦਰਜਨ ਹੱਥ ਉੱਪਰ ਗਏ ਹਨ। ਇਹ ਸੰਦੇਸ਼ ਦੇ ਫਲ ਹਨ। ਉਹ ਤੇਰੇ ਕੋਲ ਆਉਂਦੇ ਹਨ। ਉਹ ਵਿਸ਼ਵਾਸ ਕਰਦੇ ਹਨ। ਮੈਂ ਵੀ, ਉਨ੍ਹਾਂ ਵਿੱਚ ਵਿਸ਼ਵਾਸ ਕਰਦਾ ਹਾਂ, ਪ੍ਰਭੂ। ਮੈਨੂੰ ਵਿਸ਼ਵਾਸ ਹੈ ਕਿ, ਸੱਚਮੁੱਚ, ਪਵਿੱਤਰ ਆਤਮਾ ਉਨ੍ਹਾਂ ਨਾਲ ਬੋਲਿਆ ਹੈ। ਅਤੇ ਵਿਸ਼ਵਾਸ ਨਾਲ ਉਹ ਹੁਣ ਯਾਕੂਬ ਦੀ ਪੌੜੀ ਉੱਤੇ ਆ ਰਹੇ ਹਨ, ਬਿਲਕੁਲ ਸਲੀਬ ਦੇ ਪੈਰਾਂ ਤੀਕ, ਉੱਥੇ ਆਪਣੇ

ਸਾਰੇ ਪਾਪਾਂ ਨੂੰ ਹੇਠਾਂ ਰੱਖ ਰਹੇ ਹਨ, ਅਤੇ ਕਹਿ ਰਹੇ ਹਨ, "ਪ੍ਰਭੂ, ਇਹ ਮੇਰੇ ਲਈ ਬਹੁਤ ਜ਼ਿਆਦਾ ਹੈ। ਮੈਂ ਇਸ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਅਤੇ ਕੀ ਤੂੰ ਮੇਰੇ ਪਾਪ ਦਾ ਭਾਰ ਚੁੱਕ ਲਵੇਂਗਾ, ਅਤੇ ਅਜਿਹਾ ਕਰਨ ਦੀ ਇੱਛਾ ਮੇਰੇ ਦਿਲ ਵਿੱਚੋਂ ਕੱਢ ਲਵੇਂਗਾ? ਅਤੇ ਮੈਨੂੰ, ਵਿਸ਼ਵਾਸ ਦੁਆਰਾ, ਇਸ ਦਿਨ, ਤੁਹਾਨੂੰ ਮੇਰੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਦਿਓ। ਅਤੇ ਹੁਣ ਤੋਂ, ਮੈਂ ਸਫ਼ਰ ਦੇ ਹਰੇਕ ਮੀਲ ਤਕ ਤੁਹਾਡੇ ਪਿੱਛੇ ਚਲਾਂਗਾ, ਸਫ਼ਰ ਦੇ ਅੰਤ ਤੱਕ। ਮੈਂ ਇਸ ਗੱਲ ਦੀ ਇੱਕ ਝਲਕ ਵੇਖਦਾ ਹਾਂ ਕਿ 'ਸੰਪੂਰਨਤਾ ਵੱਲ ਵਧਣ' ਦਾ ਕੀ ਅਰਥ ਹੈ, ਚਰਚ ਵਿੱਚ ਜਾਣਾ ਨਹੀਂ, ਅਤੇ ਮੁਰਦਿਆਂ ਕੰਮਾਂ ਦੀਆਂ ਜੜ੍ਹਾਂ ਜਿਵੇਂ ਬਪਤਿਸਮਾ ਅਤੇ ਅਜਿਹੇ ਕੰਮ। ਪਰ ਮੈਂ ਉਦੋਂ ਤੱਕ ਜਾਣਾ ਚਾਹੁੰਦਾ ਹਾਂ, ਜਦੋਂ ਤੱਕ ਮੈਂ ਹੋਰ ਨਾ ਰਹਾਂ, ਅਤੇ ਮਸੀਹ ਮੇਰੇ ਵਿੱਚ ਰਹਿ ਸਕੇ।"

215 ਹੇ ਯਿਸੂ, ਅੱਜ ਸਵੇਰੇ, ਹਰੇਕ ਪਸ਼ਚਾਤਾਪੀ ਆਤਮਾ ਨੂੰ ਇਹ ਪ੍ਰਦਾਨ ਕਰੋ। ਹਰ ਕੋਈ ਜੋ ਆਪਣੇ ਹੱਥ ਉਠਾਵੇ ਸਦੀਪਕ ਜੀਵਨ ਪ੍ਰਾਪਤ ਕਰੇ ਕਿਉਂਕਿ ਤੁਸੀਂ ਇਸਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ ਜਨਤਕ ਤੌਰ ਤੇ ਸਵੀਕਾਰ ਕੀਤਾ ਹੈ। ਉਹ ਆਪਣੇ ਹੱਥ ਖੜ੍ਹੇ ਕਰਦੇ ਹਨ। ਉਨ੍ਹਾਂ ਨੇ ਗੁਰੂਤਾਕਰਸ਼ਣ ਦੇ ਸਾਰੇ ਨਿਯਮਾਂ ਨੂੰ ਤੋੜ ਦਿੱਤਾ ਹੈ। ਉਨ੍ਹਾਂ ਨੇ ਵਿਗਿਆਨ ਨੂੰ ਆਪਣੇ ਆਪ ਤੇ ਸ਼ਰਮ ਮਹਿਸੂਸ ਕਰਾਈ, ਕਿਉਂਕਿ ਵਿਗਿਆਨ ਕਹਿੰਦਾ ਹੈ, "ਤੁਹਾਡੀਆਂ ਬਾਹਾਂ ਨੂੰ ਹੇਠਾਂ ਲਟਕਣਾ ਚਾਹੀਦਾ ਹੈ।" ਵਿਗਿਆਨ ਵਿੱਚ ਕੋਈ ਵੀ ਚੀਜ਼ ਇਹ ਸਾਬਤ ਕਰੇਗੀ, ਕਿ ਇਹ ਧਰਤੀ ਨਾਲ ਜੁੜੀ ਹੋਣੀ ਚਾਹੀਦੀ ਹੈ, ਕਿਉਂਕਿ ਗੁਰੂਤਾ ਖਿੱਚ ਇਸਨੂੰ ਦਬਾਉਂਦੀ ਹੈ। ਪਰ ਉਹਨਾਂ ਵਿੱਚ ਇੱਕ ਆਤਮਾ ਸੀ ਜਿਸਨੇ ਇੱਕ ਫੈਸਲਾ ਕੀਤਾ, ਅਤੇ ਉਹਨਾਂ ਨੇ ਗੁਰੂਤਾਕਰਸ਼ਣ ਦੇ ਨਿਯਮਾਂ ਦੀ ਉਲੰਘਣਾ ਕੀਤੀ ਅਤੇ ਆਪਣੇ ਹੱਥ ਖੜੇ ਕੀਤੇ। ਤੁਸੀਂ ਇਸ ਨੂੰ ਦੇਖਿਆ, ਪ੍ਰਭੂ। ਤੁਸੀਂ ਉਨ੍ਹਾਂ ਦਾ ਨਾਮ ਕਿਤਾਬ ਵਿੱਚ ਰੱਖ ਦਿੱਤਾ। "ਮਾਫ਼ ਕੀਤਾ ਗਿਆ।" ਪੁਰਾਣੀ ਕਿਤਾਬ ਹੁਣ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਚਲੀ ਗਈ ਹੈ, ਕਦੇ ਵੀ ਯਾਦ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੂੰ ਅੱਜ ਅੱਗੇ ਵਧਣ ਦਿਓ, ਪਿਆਰ ਕਰਨ ਵਾਲੇ, ਮਿੱਠੇ ਮਸੀਹੀਆਂ ਵਜੋਂ, ਤੁਹਾਡੀ ਸੇਵਾ ਕਰਨ ਲਈ। ਅਤੇ ਹੋ ਸਕਦਾ ਹੈ ਕਿ ਬਹੁਤ ਸਾਰੇ ਜਿਨ੍ਹਾਂ ਨੇ ਆਪਣਾ ਹੱਥ ਨਹੀਂ ਉਠਾਇਆ, ਉਹਨਾਂ ਨੂੰ ਵੀ ਇਹ ਬਖਸ ਦਿਓ।

216 ਸੰਤਾਂ ਨੂੰ ਥੋੜਾ ਹੋਰ ਨੇੜੇ ਆਉਣ ਦਿਓ, ਪ੍ਰਭੂ, ਕਿਉਂਕਿ ਅਸੀਂ ਕੱਲ੍ਹ ਨਾਲੋਂ ਇੱਕ ਦਿਨ ਘਰ ਦੇ ਨੇੜੇ ਹਾਂ। ਤੁਸੀਂ ਸਾਡੇ ਨਾਲ ਰਹੋ, ਪ੍ਰਭੂ, ਕਿਉਂਕਿ ਅਸੀਂ ਇਸਨੂੰ ਮਸੀਹ ਦੇ ਨਾਮ ਅਤੇ ਉਸਦੀ ਮਹਿਮਾ ਲਈ ਮੰਗਦੇ ਹਾਂ। ਆਮੀਨ।

57-0908M ਇਬਰਾਨੀਆਂ, ਅਧਿਆਇ ਪੰਜ ਅਤੇ ਛੇ #1
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org